# ਅੰਮ੍ਰਿਤ ਕੀਰਤਨ

ਅਪ੍ਰੈਲ 2005

# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 4 ◆ ਸਾਲ ਸਤਾਰਵਾਂ ◆ ਅਪ੍ਰੈਲ 2005



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**


- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007

**ਚੰਦੇ ਦਾ ਵੇਰਵਾ**

- ▲ **ਦੇਸ਼:** ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ 300 $
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
**ਫੋਨ** : 0172-2701396, 2713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
**ਫੋਨ** : 0172-2772660

e-mail : drjagirsingh@rediffmail.com
Website : www.amritkirtan.org



| | |
|---|---|
| **ਕਰਉ ਬੇਨੰਤੀਆ**<br>*ਸੰਪਾਦਕੀ* | 2 |
| **ਗੁਰੂ ਨਾਨਕ ਦੇਵ ਜੀ ਦੀ ਵਿਸਾਖੀ**<br>*ਭਗਵੰਤ ਸਿੰਘ ਦਿਲਾਵਰੀ* | 3 |
| **ੳ ਅੰ (ੳ) ਅੰਕਾਰ (ੳ) - ੧ੳ...**<br>*ਸੋਹਣ ਸਿੰਘ* | 7 |
| **ਅਫ਼ਗਾਨਿਸਤਾਨ ਦੇ ਇਤਿਹਾਸਕ ਗੁਰਦੁਆਰੇ...**<br>*ਡਾ. ਜਸਬੀਰ ਸਿੰਘ ਸਰਨਾ* | 9 |
| **ਪੁਸਤਕ ਰੀਵਿਊ**<br>*ਪ੍ਰੋ. ਨਵ ਸੰਗੀਤ ਸਿੰਘ* | 10 |
| **ਐਸੀ ਮਰਨੀ ਜੋ ਮਰੈ**<br>*ਹਰਮਿੰਦਰ ਸਿੰਘ ਢਿੱਲੋਂ* | 12 |
| **ਰਾਗ ਵਿਵਰਨ**<br>*ਪ੍ਰੋ. ਕਰਤਾਰ ਸਿੰਘ* | 14 |
| **The Sikh Kirtan**<br>*Bhai Ardaman Singh* | 18 |
| **ਸੁਰ ਲਿਪੀ**<br>*ਹਰਿਭਜਨ ਸਿੰਘ* | 22 |
| **ਸੁਰ ਲਿਪੀ ਵਾਲੇ ਸ਼ਬਦ ਦੇ ਅਰਥ**<br>*ਮਨਮੋਹਨ ਸਿੰਘ* | 23 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ **ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,** ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
*sohal specials*
Designers & Printers
Phone: 0172 - 5091443

## ਕਰਉ ਬੇਨੰਤੀਆ

### ਕਰੰਗੀ ਲਗਾ ਹੰਸ

ਸਲੋਕ.....

*ਸਉ ਓਲਾਮੇ ਦਿਨੈ ਕੇ ਰਾਤੀ ਮਿਲਨਿ ਸਹੰਸ ॥ ਸਿਫਤਿ ਸਲਾਹਣ ਛਡਿ ਕੈ ਕਰੰਗੀ ਲਗਾਹੰਸੁ ॥*

*ਫਿਟੁ ਇਵੇਹਾ ਜੀਵਿਆ ਜਿਸੁ ਖਾਇ ਵਧਾਇਆ ਪੇਟੁ ॥ ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ ॥* ਗੁਰੂ ਗ੍ਰੰਥ ਸਾਹਿਬ/90

ਅਰਥ: ਜੀਵ ਰੂਪੀ ਹੰਸ ਪਰਮਾਤਮਾ ਦੀ ਸਿਫਤਿ ਸਲਾਹ (ਰੂਪੀ ਮੋਤੀ) ਛੱਡ ਕੇ (ਵਿਕਾਰ ਰੂਪੀ) ਮੁਰਦਾਰਾਂ (ਦੇ ਖਾਣ) ਵਿਚ ਲੱਗਾ ਹੋਇਆ ਹੈ (ਦਿਨੇ ਰਾਤ ਮੰਦ ਕਰਮ ਕਰਦਾ ਹੈ, ਸੋ ਇਹਨਾਂ) ਦਿਨ ਦੇ ਵੇਲੇ (ਕੀਤੇ ਮੰਦ ਕਰਮਾਂ ਦੇ ਇਸ ਨੂੰ) ਸਉ ਉਲਾਮੇ ਮਿਲਦੇ ਹਨ ਤੇ ਰਾਤ ਵੇਲੇ (ਕੀਤਿਆਂ) ਦੇ ਹਜ਼ਾਰਾਂ।

ਫਿਟੇ ਮੂੰਹ ਅਜਿਹੇ ਜੀਉਣ ਨੂੰ ਜਿਸ ਵਿਚ ਸਿਰਫ ਖਾ ਖਾ ਕੇ ਹੀ ਢਿੱਡ ਵਧਾ ਲਿਆ। ਹੇ ਨਾਨਕ! ਪ੍ਰਭੂ ਦੇ ਇਸ ਨਾਮ ਤੋਂ ਵਾਂਜੇ ਰਹਿਣ ਕਰਕੇ ਹੀ ਇਹ ਸਾਰਾ ਮੋਹ ਵੈਰੀ ਹੋ ਢੁੱਕਦਾ ਹੈ।

ਪਿਛਲੇ ਦਿਨੀਂ ਸ੍ਰ. ਬੀਰ ਦਵਿੰਦਰ ਸਿੰਘ ਸਾਬਕਾ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਨੂੰ ਸੁਣਨ ਦਾ ਮੌਕਾ ਮਿਲਿਆ। ਸਮਾਗਮ ਸੀ-ਸੇਵਕ ਚੈਰੀਟੇਬਲ ਟ੍ਰਸਟ ਚੰਡੀਗੜ੍ਹ ਵਲੋਂ, ਸੁਆੜਾ (ਤਹਿਸੀਲ ਖਰੜ, ਜ਼ਿਲ੍ਹਾ ਰੋਪੜ) ਵਿਖੇ ਬਣਾਏ ਜਾ ਰਹੇ ਹਸਪਤਾਲ ਦਾ ਨੀਂਹ ਪੱਥਰ ਰੱਖਣ ਦਾ।

ਜਦੋਂ ਬੀਰ ਦਵਿੰਦਰ ਸਿੰਘ ਨੂੰ ਸੁਣ ਰਿਹਾ ਸੀ ਤਾਂ ਮਨ 30-35 ਸਾਲ ਪਿੱਛੇ ਚਲਾ ਗਿਆ ਜਦੋਂ ਅਜੇ ਉਹ ਮਾਤਾ ਗੁਜਰੀ ਕਾਲਜ ਵਿਚ ਪੜ੍ਹਦਾ ਸੀ। ਸ਼ਿਵ ਕੁਮਾਰ ਦਾ ਗੀਤ- ਮਾਏ ਨੀ ਮਾਏ ਮੇਰੇ ਗੀਤਾਂ ਦਿਆਂ ਨੈਣਾਂ ਵਿਚ ਬਿਰਹੋਂ ਦੀ ਰੜਕ ਪਵੇ- ਗੀਤ ਗਾ ਗਾ ਕੇ ਅਤੇ ਭਾਸ਼ਣ ਕਲਾ ਵਿਚ ਬੜੇ ਇਨਾਮ ਜਿੱਤਦਾ ਹੁੰਦਾ ਸੀ। ਨਕਸਲਾਈਟ ਮੂਵਮੈਂਟ ਵੇਲੇ ਉਸ ਦੇ ਪਿਤਾ ਦਾ ਕਤਲ ਹੋ ਗਿਆ ਫਿਰ ਉਹਦੇ ਜੀਵਨ ਦੀ ਧਾਰਾ ਬਦਲ ਗਈ। ਉਹ ਸਿਆਸਤ ਵਿਚ ਆ ਗਿਆ। ਬਹੁਤ ਵਧੀਆ ਬੁਲਾਰਾ ਬਣ ਗਿਆ। ਸਿੱਖ ਸਟੂਡੈਂਟ ਫੈਡਰੇਸ਼ਨ, ਅਕਾਲੀ ਦਲ ਤੇ ਅਖੀਰ ਕਾਂਗਰਸ।

ਅਖ਼ਬਾਰਾਂ ਦੀਆਂ ਖ਼ਬਰਾਂ ਤੋਂ ਜਾਪਦਾ ਹੈ ਉਹ ਬਹੁਤ ਸੰਵੇਦਨਸ਼ੀਲ ਹੈ। ਜਿਥੇ ਕਿਤੇ ਵੀ ਉਸ ਨੂੰ ਕੁਝ ਗਲਤ ਜਾਪਦਾ ਹੈ ਉਸ ਬਾਰੇ ਬੋਲਣ ਤੋਂ ਗੁਰੇਜ਼ ਨਹੀਂ ਕਰਦਾ। ਉਸ ਦੀ ਉਚੀ ਸੁਰ ਪਕਰੋੜ ਸਿਆਸਤਦਾਨਾਂ ਦੇ ਰਾਸ ਨਹੀਂ ਆਉਂਦੀ।

ਇਸ ਸਮਾਗਮ ਉਤੇ ਉਸ ਨੇ ਉਪਰੋਕਤ ਸਲੋਕਾਂ ਦੀਆਂ ਦੋ ਤੁਕਾਂ ਪੜ੍ਹੀਆਂ ਤੇ ਇਕ ਸਾਖੀ ਸੁਣਾਈ।

'ਮਹਾਂਭਾਰਤ ਜਿੱਤਣ ਉਪਰੰਤ ਸ੍ਰੀ ਕ੍ਰਿਸ਼ਨ ਅਤੇ ਪਾਂਡਵਾਂ ਨੇ ਰਲ ਕੇ ਇਕ ਖੁਸ਼ੀ ਦਾ ਸਮਾਗਮ ਕਰਨਾ ਚਾਹਿਆ। ਪਰ ਪਾਂਡਵ ਬਹੁਤ ਉਦਾਸ ਸਨ। ਸ੍ਰੀ ਕ੍ਰਿਸ਼ਨ ਨੇ ਯੁਧਿਸ਼ਟਰ ਨੂੰ ਪੁੱਛਿਆ, "ਬਦੀ ਉਪਰ ਨੇਕੀ ਦੀ ਇਤਨੀ ਵੱਡੀ ਜਿੱਤ ਹੋਈ ਹੈ ਤੁਸੀਂ ਉਦਾਸ ਕਿਉਂ ਹੋ?"

ਯੁਧਿਸ਼ਟਰ ਕਹਿਣ ਲੱਗਾ- "ਰਾਤੀ ਮੈਂ ਇਕ ਸੁਪਨਾ ਵੇਖਿਆ ਹੈ ਕਿ ਇਕ ਹੰਸ, ਜਿਸ ਦਾ ਅਸਲੀ ਖਾਣਾ ਮੋਤੀ ਹਨ- ਉਹ ਇਕ ਮੁਰਦਾਰ ਦੇ ਕਰੰਗ ਨੂੰ ਚੂੰਡ-ਚੂੰਡ ਕੇ ਖਾ ਰਿਹਾ ਹੈ- ਭਗਵਾਨ ਮੇਰੀਆਂ ਅੱਖਾਂ ਅੱਗੋਂ ਇਹ ਦ੍ਰਿਸ਼ ਨਹੀਂ ਜਾ ਰਿਹਾ।"

ਸ੍ਰੀ ਕ੍ਰਿਸ਼ਨ ਨੇ ਕਿਹਾ- ਯੁਧਿਸ਼ਟਰ ਛੇਤੀ ਹੀ ਕਲਜੁਗ ਆਉਣ ਵਾਲਾ ਹੈ। ਉਸ ਵਿਚ ਇੰਜ ਹੀ ਹੋਵੇਗਾ।

ਫਿਰ ਸ੍ਰੀ ਕ੍ਰਿਸ਼ਨ ਨੇ- ਭੀਮ ਨੂੰ ਪੁੱਛਿਆ ਕਿ ਉਹ ਕਿਉਂ ਉਦਾਸ ਹੈ- ਭੀਮ ਨੇ ਕਿਹਾ ਕਿ- ਮੈਂ ਵੇਖ ਰਿਹਾ ਹਾਂ ਕਿ ਇਕ ਮਾਂ ਆਪਣੀ ਬੇਟੀ ਦਾ ਦੁੱਧ ਚੁੰਘ ਰਹੀ ਹੈ। ਕ੍ਰਿਸ਼ਨ ਨੇ ਕਿਹਾ ਇਹ ਵੀ ਕਲਜੁਗ ਦਾ ਵਰਤਾਰਾ ਹੈ।

ਅਰਜਨ ਅਤੇ ਨਕੁਲ ਨੇ ਵੀ ਕੁਝ ਇਸ ਤਰ੍ਹਾਂ ਦੀ ਘਟਨਾ ਬਿਆਨ ਕੀਤੀ। ਸਭ ਤੋਂ ਛੋਟੇ ਸਹਿਦੇਵ ਤੋਂ ਜਦੋਂ ਉਦਾਸੀ ਦਾ ਕਾਰਨ ਪੁੱਛਿਆ ਉਸ ਨੇ ਕਿਹਾ ਕਿ- 'ਮੈਂ ਵੇਖ ਰਿਹਾ ਹਾਂ ਅਕਾਸ਼ 'ਚੋਂ ਇਕ ਬਹੁਤ ਵੱਡਾ ਪਹਾੜਾ ਹੇਠਾਂ ਆ ਰਿਹਾ ਸੀ ਜੋ ਇਕ ਤਿਨਕੇ ਨਾਲ ਹੀ ਰੁਕਿਆ ਪਿਆ ਹੈ। ਮੈਨੂੰ ਡਰ ਹੈ ਕਿਤੇ ਇਹ ਤਿਨਕਾ ਟੁੱਟ ਗਿਆ ਤਾਂ ਇਸ ਦੁਨੀਆਂ ਦਾ ਕੀ ਬਣੇਗਾ?'

ਸ੍ਰੀ ਕ੍ਰਿਸ਼ਨ ਨੇ ਕਿਹਾ- "ਕਲਯੁਗ ਵਿਚ ਬਹੁਤ ਬੁਰਾਈਆਂ ਹੋਣਗੀਆਂ ਪਰ ਕੁਝ ਲੋਕਾਂ ਦੀ ਤਿਨਕੇ ਜਿੰਨੀ ਕੀਤੀ ਨੇਕੀ ਵੀ ਇਸ ਦੁਨੀਆਂ ਨੂੰ ਬਚਾ ਸਕੇਗੀ।" ਇਹ ਕਥਾ ਸੁਣਾਉਣ ਤੋਂ ਬਾਅਦ ਬੀਰ ਦਵਿੰਦਰ ਸਿੰਘ ਨੇ ਸੇਵਕ ਚੈਰੀਟੇਬਲ ਟ੍ਰਸਟ ਦੀ ਸਿਫਤ ਸ਼ੁਰੂ ਕਰ ਦਿੱਤੀ।

ਪਰ ਮੇਰਾ ਮਨ ਉਪਰਲੇ ਸਲੋਕ ਤੇ ਅਟਕ ਗਿਆ। ਮੈਨੂੰ ਇੰਜ ਜਾਪਿਆ ਬੀਰ ਦਵਿੰਦਰ ਸਿੰਘ ਆਪਣੇ ਅੰਦਰ ਝਾਤੀ ਮਾਰ ਰਿਹਾ ਸੀ ਤੇ ਮੈਂ ਆਪਣੇ ਅੰਦਰ- ਕੀ ਅਸੀਂ ਉਹ ਕੁਝ ਹੀ ਕਰ ਰਹੇ ਹਾਂ ਜੋ ਸਾਨੂੰ ਕਰਨਾ ਚਾਹੀਦਾ ਹੈ। ਪਰਮਾਤਮਾ ਨੇ ਜਿਤਨੀ ਸਾਨੂੰ ਸਮਰੱਥਾ ਬਖਸ਼ੀ ਹੈ ਉਤਨੀ ਨੇਕੀ ਅਸੀਂ ਕਰ ਰਹੇ ਹਾਂ ਕਿ ਨਹੀਂ।

ਮੈਨੂੰ ਚੰਗਾ ਲੱਗਾ ਕਿ ਬੀਰ ਦਵਿੰਦਰ ਸਿੰਘ ਨੂੰ ਇਸ ਗੱਲ ਦਾ ਅਹਿਸਾਸ ਹੈ। ਦਾਵਾਨਲ ਨਾਲ ਸੜੇ ਇਸ ਸਿਆਸਤ ਦੇ ਰੁੱਖ ਉਤੇ ਕੋਈ ਕੋਈ ਹਰਾ ਪੱਤਾ ਅਜੇ ਕਾਇਮ ਹੈ।

# ਗੁਰੂ ਨਾਨਕ ਦੇਵ ਜੀ ਦੀ ਵਿਸਾਖੀ

ਭਗਵੰਤ ਸਿੰਘ ਦਲਾਵਰੀ : ਤਪੋਵਨ ਅਮਰਾਵਤੀ 444 602 ਮਹਾਂਰਾਸ਼ਟਰਾ

ਅੱਜ ਇਕ ਅਚੰਭਾ ਵਰਤਿਆ। ਕਿਉਂਕਿ ਅਸੀਂ "ਬਾਰਹ ਮਾਹ" ਕੇਵਲ ਮਾਝ ਰਾਗ ਦਾ ਹੀ ਸੁਣਦੇ ਆਏ ਹਾਂ, ਮੈਨੂੰ ਕਦੇ ਇਹ ਨਹੀਂ ਸੀ ਪਤਾ ਕਿ ਤੁਖਾਰੀ ਰਾਗ ਵਾਲਾ ਬਾਰਹ ਮਾਹ ਇਕ ਕਿਸਮ ਦਾ ਬਿਰਹੁ ਦਾ ਲੰਮਾ ਵੈਰਾਗ ਹੈ। ਅੱਜ ਜਦੋਂ ਰਾਗੀ ਸਿੰਘਾਂ ਨੇ ਹਰਮੰਦਰ ਸਾਹਿਬ ਤੋਂ ਇਹ ਤੁਕ ਪੜ੍ਹੀ,

*ਨਾਨਕ ਵੈਸਾਖੀ ਪ੍ਰਭੁ ਭਾਵੈ*
*ਸੁਰਤਿ ਸਬਦਿ ਮਨ ਮਾਨਾ॥* (ਪੰਨਾ 1107)

ਤਾਂ ਮੈਂ ਬਿਟ ਬਿਟ ਤਕ ਕੇ ਸੋਚੀਂ ਪੈ ਗਿਆ। ਮੈਂ ਕਦੇ ਵਿਸਾਖੀ ਦੇ ਸਿਵਾਇ ਖਾਲਸੇ ਦਾ ਜਨਮ ਦੇ ਜਾਂ ਵੈਸਾਖੀ ਦੀ ਰਾਤ ਮਨਾਣ ਵਾਲਿਆਂ ਦੇ ਮੇਲਿਆਂ ਤੇ ਜਾਂ ਫਿਰ ਫਸਲਾਂ ਦੇ ਪੱਕ ਜਾਣ ਦੀਆਂ ਰੰਗਰਲੀਆਂ ਤੇ ਭੰਗੜੇ ਪਾਣ ਦੇ ਕੋਈ ਅਰਥ ਨਹੀਂ ਸੀ ਜਾਣਦਾ। ਭਾਵੇਂ ਗੁਰੂ ਨਾਨਕ ਦੇਵ ਜੀ ਤਾਂ ਵਿਸਾਖ ਵਿਚ ਸਾਡੇ ਫਰਜ ਦੱਸਦੇ ਹਨ ਤੇ ਨਾਲ ਹੀ ਸਮਝਾਉਂਦੇ ਹਨ ਕਿ ਜੇ ਅਸੀਂ ਪ੍ਰਭੂ ਨੂੰ ਆਪਣੀ ਤੜਪ ਦੱਸਕੇ, ਇਹ ਮੰਨ ਕੇ, ਕਿ ਉਸ ਬਿਨਾ ਸਾਡਾ ਕਉਡੀ ਵੀ ਮੁੱਲ ਨਹੀਂ, ਮਿੰਨਤਾਂ ਨਾਲ ਬੁਲਾਈਏ ਤਾਂ ਸਾਨੂੰ ਪਤਾ ਲੱਗੇਗਾ ਕਿ ਪ੍ਰਭੂ ਦੂਰ ਨਹੀਂ ਹੈ ਤੇ ਜਦੋਂ ਸਾਡੀ ਤੜਪ ਪਰਬਲ ਹੋ ਜਾਏ ਤਾਂ ਸਾਨੂੰ ਪਤਾ ਲੱਗ ਜਾਏਗਾ ਕਿ ਪ੍ਰਭੂ ਅੰਦਰ ਹੀ ਹੈ ਤਾਂ ਅਸੀਂ ਇਹ ਮੰਨ ਕੇ ਉਸਦਾ ਮਹਲ ਪਛਾਣ ਲਵਾਂਗੇ ਇਸਦੀ ਪਛਾਣ ਵਿਸਾਖ ਦੇ ਮਹੀਨੇ ਵਿਚ (ਮਤਲਬ ਹੈ ਵੈਸਾਖੀ, ਯਾਨੀ ਸਾਰੇ ਵੈਸਾਖ ਦੇ ਮਹੀਨੇ) ਸੁਰਤ ਸ਼ਬਦ ਦਾ ਮੇਲ ਰਹੇਗਾ।

ਖੁਸ਼ੀ ਭਰੀ ਹੈਰਾਨੀ ਹੋਈ ਕਿ ਜਿਵੇਂ ਗੁਰੂ ਨਾਨਕ ਦੇ

*ਜਉ ਤਉ ਪ੍ਰੇਮ ਖੇਲਨ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥* (ਪੰਨਾ 1412)

ਦਾ ਅਮਲੀ ਰੂਪ ਗੁਰੂ ਗੋਬਿੰਦ ਸਿੰਘ ਜੀ ਦੀ 1699 ਵਾਲੀ ਵਿਸਾਖੀ ਨੂੰ ਸਿਰ ਮੰਗਣ ਦੀ ਲਲਕਾਰ ਸੀ, ਇਸੇ ਤਰ੍ਹਾਂ ਖਾਲਸਾ ਬਨਾਉਣ ਦੇ ਚਾਉ ਦਾ ਮੁਢ ਸੀ ਗੁਰੂ ਨਾਨਕ ਦਾ ਵੈਸਾਖੀ ਨੂੰ ਸ਼ਬਦ-ਸੁਰਤਿ ਦਾ ਮੇਲ ਮੰਨ ਕੇ ਹਰੀ ਦਾ ਮਹਿਲ ਪਛਾਨਣ ਦੀ ਗੱਲ ਕੀਤੀ ਸੀ- ਹਾਂ ਉਹ ਮਹਲ ਅੰਦਰ ਹੀ ਹੈ ਤੇ ਅੰਦਰੋਂ ਹੀ ਆਪਣੀ ਹੋਂਦ ਉਦੋਂ ਪਰਗਟ ਕਰਦਾ ਹੈ ਜਦ ਸਾਡੀ ਆਪਣੀ ਹੋਂਦ ਮੁਕ ਜਾਂਦੀ ਹੈ। ਵੇਖੋ ਪੂਰਾ ਸ਼ਬਦ-

*ਵੈਸਾਖੁ ਭਲਾ ਸਾਖਾ ਵੇਸ ਕਰੇ॥*
*ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ॥*
*ਘਰਿ ਆਉ ਪਿਆਰੇ ਦੁਤਰ ਤਾਰੇ*
*ਤੁਧੁ ਬਿਨੁ ਅਢੁ ਨ ਮੋਲੋ॥*
*ਕੀਮਤ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ॥*
*ਦੂਰਿ ਨ ਜਾਨਾ ਅੰਤਰਿ ਮਾਨਾ*
*ਹਰਿ ਕਾ ਮਹਲੁ ਪਛਾਨਾ॥*
*ਨਾਨਕ ਵੈਸਾਖੀ ਪ੍ਰਭੁ ਭਾਵੈ*
*ਸੁਰਤਿ ਸਬਦਿ ਮਨੁ ਮਾਨਾ॥* (ਪੰਨਾ 1108)

ਅਸੀਂ ਸੁਣਿਆ ਹੋਇਆ ਹੈ ਮਿਨਤਾਂ ਭਰੇ ਦਰਦ ਵਾਲਾ ਸ਼ਬਦ

*ਮੋਹਨ ਘਰਿ ਆਵਹੁ ਕਰਉ ਜੋਦਰੀਆ॥* (ਪੰਨਾ 1209)

ਜਾਂ

*ਮਿਲਿ ਮੇਰੇ ਪ੍ਰੀਤਮਾ ਜੀਉ...* (ਪੰਨਾ 245)

ਪਰ ਇਹ "ਬਾਰਹ ਮਾਹ" ਵਿਚੋਂ ਵੈਸਾਖ ਦੇ ਮਹੀਨੇ ਗੁਰੂ ਨਾਨਕ ਇਕ ਹੋਰ ਢੰਗ ਨਾਲ ਆਪਣੀ ਤੜਪ ਦੱਸਦੇ ਹਨ। ਵੈਸਾਖ ਵਿਚ ਟਾਹਣੀਆਂ ਨੇ ਵੇਸ ਬਦਲ ਕੇ ਸੁੰਦਰਤਾ ਗ੍ਰਹਿਣ ਕਰ ਲਈ ਹੈ, ਬਹਾਰ ਆ ਗਈ ਹੈ ਤੇ ਜੀਵ ਇਸਤ੍ਰੀ ਆਪਣੇ ਅੰਦਰਲੇ ਹਰੀਦੁਆਰੇ ਖਲੋਤੀ ਤਾਂਘ ਨਾਲ ਤੱਕਦੀ ਤੇ ਮਿੰਨਤਾਂ ਕਰਦੀ ਹੈ -ਆ ਜਾਓ ਦਿਆ ਕਰਕੇ ਅੰਦਰ, ਤਾਂ ਜੋ ਪਿਆਰੇ ਦੇ ਘਰ ਆਉਣ ਨਾਲ ਇਹ ਸੰਸਾਰ ਦਾ ਬਿਖਮ ਸਾਗਰ ਤਰਿਆ ਜਾ ਸਕੇ। ਕਿਉਂਕਿ ਸਾਹਿਬ ਕਹਿੰਦੇ ਹਨ ਤੇਰੇ ਬਿਨਾ ਮੇਰਾ ਕਉਡੀ ਵੀ ਮੁਲ ਨਹੀਂ ਤੇ ਇਹ ਵੀ ਨਹੀਂ ਪਤਾ ਕਿ ਕਿਸ ਤਰ੍ਹਾਂ ਤੇਰੀ ਕੀਮਤ ਦਾ ਪਤਾ ਲੱਗੇ ਤ੍ਹਾਂ ਜੋ ਕੋਈ ਮੈਨੂੰ ਆਪਣਾ ਪ੍ਰਭੂ ਪਿਤਾ ਦਿਖਾ ਦੇਵੇ। ਹਾਂ, ਇਹੋ ਪਤਾ ਲਗਾ ਕੇ ਉਹਦਾ ਮਹਿਲ ਅੰਦਰ ਹੀ ਮੰਨ ਕੇ ਕਿ ਉਹ ਅੰਦਰ ਹੀ ਹੈ ਤੇ ਉਸਨੂੰ ਪਛਾਨਣਾ ਵੀ ਹੈ, ਮੇਰਾ ਮਨ ਮੰਨ ਗਿਆ ਹੈ ਕਿ ਆਪਣੀ ਸੁਰਤਿ ਨੂੰ ਸ਼ਬਦ ਨਾਲ ਜੋੜਨ ਦਾ ਮਨ ਬਣਾਵਾਂ ਤੇ ਬਣਾਈ ਰੱਖਾਂ। ਮੈਨੂੰ ਯਕੀਨ ਹੈ ਕਿ ਹੋਰ ਕੋਈ ਤਰੀਕਾ ਵੀ ਨਹੀਂ। ਵੇਖੋ-

*ਜੋ ਪ੍ਰਭ ਕੋ ਮਿਲਬੋ ਚਹੈ ਖੋਜਿ ਸਬਦ ਮਹਿ ਲੇਇ॥*

*ਸਦ ਹੀ ਨੇੜੈ ਦੂਰਿ ਨ ਜਾਣਹੁ॥*

*ਗੁਰ ਕੈ ਸਬਦਿ ਨਜੀਕਿ ਪਛਾਣਹੁ॥* (ਪੰਨਾ 1069)

*ਅੰਤਰਿ ਵਸਤੁ ਮੂੜਾ ਬਾਹਰੁ ਭਾਲੇ॥* (ਪੰਨਾ 117)

*ਸਭ ਕਿਛੁ ਘਰ ਮਹਿ ਬਾਹਰ ਨਾਹੀ॥* (ਪੰਨਾ 102)

*ਬੁਝੀ ਤਪਤਿ ਘਰਹਿ ਪਿਰੁ ਪਾਇਆ॥* (ਪੰਨਾ 738)

ਇਸ ਤੋਂ ਹੋਰ ਸਪਸ਼ਟ ਹੋਇਆ ਕਿ ਜਿਵੇਂ ਮੈਂ ਕਹਿੰਦਾ ਹਾਂ ਸਾਹਿਬ ਉਸ ਵੇਲੇ ਦੇ ਪ੍ਰਚੱਲਤ ਕਰਮਕਾਂਡੀ ਧਰਮ ਨੂੰ ਇਕ ਪੱਧਤੀ ਵਿਚ ਰੱਖ ਕੇ ਉਸ ਵਿਚ ਅਧਿਆਤਮਕ ਫੂਕ ਮਾਰਦੇ ਰਹੇ ਹਨ। ਹਰ ਮਹੀਨੇ ਵਿਚ (ਤੁਖਾਰੀ ਰਾਗ ਜਾਂ ਮਾਝ ਰਾਗ ਦੇ ਬਾਰਹ ਮਾਹ ਵਿਚ) ਇਕੋ ਉਪਦੇਸ਼ ਹੈ-

*ਬਿਨੁ ਹਰਿ ਭਜਨ ਨਾਹੀ ਛੁਟਕਾਰਾ॥* (ਪੰਨਾ 188)

ਤੇ ਉਹ ਬੜੇ ਹੀ ਸੁਚੱਜੇ ਢੰਗ ਨਾਲ ਸਹਿਜੇ ਹੀ ਦੱਸ ਦੇਂਦੇ ਹਨ। ਮਾਝ ਰਾਗ ਦੇ ਬਾਰਹ ਮਾਹ ਵਿਚ ਗੁਰੂ ਅਰਜਨ ਦੇਵ ਜੀ ਵਿਰੋਧੀ ਸਪਸ਼ਟਤਾ ਦਰਸਾ ਕੇ ਆਪਣਾ ਸੱਚ ਸਿੱਧ ਕਰਦੇ ਹਨ। ਜੇਠ ਦੇ ਮਹੀਨੇ ਨਾਮ ਜਪਣ ਵਾਲਾ ਨਹੀਂ ਸੜੇਗਾ, ਪੋਹ ਦੇ ਮਹੀਨੇ ਨਾਮ ਜਪਣ ਵਾਲਾ ਸਰਦੀ ਵਿਚ ਨਹੀਂ ਠਰੇਗਾ। ਹਾਸਾ ਆ ਗਿਆ, ਕਈ ਵਾਰ ਮਜਾਕ ਨਾਲ ਮੈਂ ਕਈ ਨਵੇਂ ਵਿਆਹੇ ਬੱਚਿਆਂ ਨੂੰ, ਜੇ ਕੋਈ ਵਹਿਮਾਂ ਦਾ ਮਾਰਿਆ ਹੱਥ ਦੇਖਣ ਨੂੰ ਕੋਈ ਕਰਾਮਾਤ ਸਮਝਦਾ ਹੋਵੇ, ਕਹਿੰਦਾ ਹਾਂ, ਹਾਂ ਮੈਨੂੰ ਬੜੀ ਪੱਕੀ ਸਮਝ ਹੈ ਜਦੋਂ ਕੋਈ ਹੱਥ ਅੱਗੇ ਕਰਦਾ ਹੈ ਤੇ ਹੱਸ ਕੇ ਉਮੀਦ ਨਾਲ ਮੇਰੇ ਵੱਲ ਤੱਕਦਾ ਹੈ। ਮੈਂ ਦੋ ਰੇਖਾ ਦਿਖਾ ਕੇ ਕਹਿੰਦਾ ਹਾਂ- ਇਹ ਹੈ ਸੁਖ ਦੀ ਤੇ ਇਹ ਹੈ ਦੁਖ ਦੀ। ਸੁਖ ਵਾਲੀ ਦੱਸਦੀ ਹੈ ਜੇ ਨਾਮ ਜਪੋਗੇ ਤਾਂ ਦੁਖ ਹੋ ਹੀ ਨਹੀਂ ਸਕਦਾ ਤੇ ਦੁਖ ਵਾਲੀ ਕਹਿੰਦੀ ਹੈ ਜੇ ਨਾਮ ਨਹੀਂ ਜਪੋਗੇ - ਮਤਲਬ ਗੁਰਮਤਿ ਨੂੰ ਸਮਝ ਕੇ ਗ੍ਰਹਿਣ ਕਰਕੇ ਅਮਲ ਵਿਚ ਨਹੀਂ ਲਿਆਉਗੇ ਤਾਂ ਦੁਖ ਹੀ ਦੁਖ ਹੋਵੇਗਾ ਅਤੇ ਸਾਰਿਆਂ ਦੇ ਹੱਥ ਤੇ ਇਹੋ ਕਿਸਮਤ ਲਿਖੀ ਹੈ। ਜੇ ਕਰੋੜਾਂ ਜੋਤਸ਼ੀ ਵੀ ਮੈਨੂੰ ਕਹਿਣ ਕਿ ਇੰਜ ਨਹੀਂ ਤਾਂ ਮੈਂ ਨਹੀਂ ਮੰਨਾਗਾਂ ਕਿਉਂਕਿ ਗੁਰੂ ਗ੍ਰੰਥ ਸਾਹਿਬ ਕੋਲੋਂ ਵੱਡਾ ਪਾਲਣ ਵਾਲਾ, ਸੰਭਾਲਣ ਵਾਲਾ, ਅੰਤਰਜਾਮੀ ਤੇ ਹਰ ਤਰ੍ਹਾਂ ਨਾਲ ਰੱਖਿਆ ਕਰਨ ਵਾਲਾ ਨਾ ਮੈਂ ਤੱਕਿਆ ਹੈ, ਨਾ ਕੋਈ ਹੈ ਤੇ ਨਾ ਮੈਂ ਕਦੇ ਖਿਆਲ ਕੀਤਾ ਹੈ ਕਿ ਕੋਈ ਹੋ ਸਕਦਾ ਹੈ। ਸਗੋਂ ਖਿਆਲ ਆਇਆ ਕਿ ਭਗਤ ਰਵਿਦਾਸ ਜੀ ਤਾਂ ਹੋਰ ਕਮਾਲ ਕਰਦੇ ਹਨ ਇਹ ਕਹਿ ਕੇ ਕਿ ਘੜੀ ਘੜੀ ਪ੍ਰਭੂ ਨੂੰ ਪਛਾਣ ਕੇ ਉਹਦੀ ਬੇਅੰਤਤਾ ਸਮਝਣਾ ਵੀ ਮੁਸ਼ਕਲ ਹੈ-

*ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ॥*

*ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ॥*

(ਪੰਨਾ 858)

ਸਮਝਣ ਦਾ ਤਰੀਕਾ ਹੁੰਦਾ ਹੈ ਕੋਈ ਉਪਮਾ ਦੇ ਕੇ ਪਰ ਜੇ ਕੋਈ ਉਸ ਵਰਗਾ ਹੋਵੇ ਤਾਂ ਹੀ ਜੁਰਅਤ ਕਰੀਏ

ਵੈਸਾਖ ਤੁਖਾਰੀ ਰਾਗ ਵਿਚ ਪੜ੍ਹਦਿਆਂ-ਪੜ੍ਹਦਿਆਂ ਰਾਗੀ ਜਥੇ ਨੇ ਪ੍ਰਮਾਣ ਦੇ ਤੌਰ ਤੇ ਮਾਝ ਰਾਗ ਦਾ ਵੈਸਾਖ ਵੀ ਪੜ੍ਹਿਆ ਕਿਉਂਕਿ ਵਿਸਾਖੀ ਵਾਲੇ ਦਿਨ ਤਾਂ ਇਹ ਪੜ੍ਹਿਆ ਹੀ ਗਿਆ ਸੀ, ਅੱਜ ਤੁਖਾਰੀ ਰਾਗ ਵਾਲੇ ਵੈਸਾਖ ਨਾਲ ਮਿਲਾ ਕੇ ਪੜ੍ਹਨ ਨਾਲ ਇਕ ਅਸਚਰਜਤਾ ਵਾਲੀ ਮਸਤੀ ਬਣ ਗਈ ਤੇ ਦੱਸਣ ਲੱਗੀ ਕਿ ਇਕੋ ਰੂਪ, ਇਕੋ ਜੋਤ, ਇਕੋ ਖਿਆਲ ਪਹਿਲੇ ਤੇ ਪੰਜਵੇਂ ਗੁਰੂ ਦਾ ਤੇ ਖਾਲਸਾ ਦੀ ਵਿਸਾਖੀ ਵਾਲੇ ਟੌਹਰ ਦਾ ਪ੍ਰਗਟ ਹੁੰਦਾ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਇਸ ਸ਼ਬਦ-ਸੁਰਤਿ ਨੂੰ ਵੀ mystry ਬਣਾ ਦਿੱਤਾ ਹੈ। ਸਾਫ ਗੱਲ ਦਿਸਦੀ ਹੈ ਕਿ ਜੋ ਗੁਰੂ ਦੀ ਬਾਣੀ ਦੇ ਕਿਸੇ ਸ਼ਬਦ ਵਿਚੋਂ ਉਹ ਨਿਸਤਾਰਾ ਪ੍ਰਗਟ ਹੋਵੇ ਜਿਹੜਾ ਨਾਮ ਦਾ ਖਜਾਨਾ ਬਣਾ ਕੇ ਅੰਦਰ ਬਹਿ ਜਾਂਦਾ ਹੈ, ਨਾਮ ਤੇ ਬਾਣੀ ਇਕੋ ਜੇ ਹੋਏ ਅਤੇ ਜਦ ਨਾਮ ਦਾ ਰਸ ਪ੍ਰਗਟ ਹੋਵੇ ਬਾਣੀ ਵਿਚੋਂ ਤੇ ਉਸ ਰਸ ਨੂੰ ਚੂਸਣ ਲਈ ਸੁਰਤਿ ਹਮੇਸ਼ਾ ਸਾਵਧਾਨ ਹੋਕੇ ਪੀਵੇ ਤਾਂ ਸੁਰਤਿ ਸ਼ਬਦ ਦਾ ਮੇਲ ਤਾਂ ਸੁਤੇ ਸਿੱਧੇ ਹੀ ਹੋ ਗਿਆ ਤੇ ਆਪਣੇ ਆਪ ਹੀ ਵਿਸਾਖੀ ਦੇ ਖਾਲਸ ਰੂਪ ਦਾ ਖਾਲਸਾ ਵੀ ਪ੍ਰਗਟ ਹੋ ਗਿਆ। ਪਰ ਇਹ ਲੇਖ ਲਿਖਣ ਨਾਲ ਨਹੀਂ ਹੋਣਾ, ਇਹ ਤਾਂ ਆਪਣਾ ਤਨ ਮਨ ਅਰਪਣ ਕਰਨ ਨਾਲ ਹੋਣਾ ਹੈ। ਉਸਦਾ ਤਰੀਕਾ ਗੁਰੂ ਅਰਜਨ ਦੇਵ ਜੀ ਨੇ ਮਾਝ ਰਾਗ ਦੇ ਵੈਸਾਖ ਵਿਚ ਸਹਿਜੇ ਹੀ ਦਰਸਾ ਦਿੱਤਾ ਹੈ। ਵੇਖੋ-

*ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥*

*ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥*

*ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥*

*ਪਲਚਿ ਪਲਚਿ ਸਗਲੀ ਮੁਈ ਝੂਠੇ ਧੰਧੈ ਮੋਹੁ॥*

*ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥*

*ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ॥*

*ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ॥*

*ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥*

*ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥....*

(ਪੰਨਾ 133)

ਇਸਨੂੰ ਸਮਝਣ ਲਈ ਆਉ ਸੁਆਦ ਨਾਲ ਗੁਰੂ ਚਰਨਾਂ ਵਿਚ ਆਪਣਾ ਅੰਦਰ ਖੋਜਦਿਆਂ ਵੀਚਾਰ ਕਰੀਏ।

ਇਹ ਹੋ ਕਿਵੇਂ ਸਕਦਾ ਹੈ ਕਿ ਵਿਸਾਖ ਦੇ ਮਹੀਨੇ ਵਿਚ ਵਿਛੁੜੀਆਂ ਹੋਈਆਂ ਧੀਰਜ ਪਾ ਸਕਣ ਕਿਉਂਕਿ ਪ੍ਰੇਮ ਦੇ ਵਿਛੋੜੇ ਦਾ ਸਾਫ ਮਤਲਬ ਹੈ ਕਿ ਉਹ ਪ੍ਰਭੂ ਨੂੰ ਛੱਡ- ਜੋ ਅਸਲੀ ਸਾਜਣ ਪੁਰਖ ਹੈ- ਮਾਇਆ ਦੇ ਧੋਖੇ ਵਿਚ ਫਸ ਗਈਆਂ ਹਨ। ਪੁਤਰ, ਵਹੁਟੀ, ਧਨ ਤਾਂ ਨਾਲ ਨਹੀਂ ਜਾਣਾ ਕੇਵਲ ਸਦਾ ਰਹਿਣ ਵਾਲਾ ਪ੍ਰਭੂ ਹੀ ਸਾਥ ਦੇਵੇਗਾ। ਪਰ ਸਾਰੀ ਦੁਨੀਆਂ ਸੜ ਸੜ ਕੇ ਝੂਠੇ ਧੰਧਿਆਂ ਦੇ ਮੋਹ ਦੇ ਸ਼ਿਕੰਜੇ ਵਿਚ ਫਸੇ ਹੋਣ ਕਰਕੇ ਸਮਝ ਨਹੀਂ ਸਕਦੀ ਕਿ ਉਥੇ ਇਨ੍ਹਾਂ ਚੀਜ਼ਾਂ ਦਾ ਕੋਈ ਮੁੱਲ ਨਹੀਂ ਪੈਂਦਾ। ਖਿਆਲ ਆਇਆ ਕਿ ਜਿਵੇਂ ਗੁਰੂ ਰਾਮਦਾਸ ਜੀ ਕਹਿੰਦੇ ਹਨ ਕਿ ਲੋਕ ਸਾਰੇ ਸਿਰਫ ਆਪਣੇ ਸੁਆਰਥ ਲਈ ਦੋਸਤੀ ਕਰਦੇ ਹਨ, ਜਿਸ ਦਿਨ ਸੁਆਰਥ ਨਾ ਰਹੇ ਕੋਈ ਨੇੜੇ ਨਹੀਂ ਢੁੱਕਦਾ-

*ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ*
*ਤੇ ਸਭਿ ਅਪਨੈ ਸੁਆਇ ਮਿਲਾਸਾ॥*
*ਜਿਤੁ ਦਿਨਿ ਉਨ ਕਾ ਸੁਆਉ ਹੋਇ ਨ ਆਵੈ*
*ਤਿਤੁ ਦਿਨਿ ਨੇੜੈ ਕੋ ਨ ਢੁਕਾਸਾ॥*

(ਪੰਨਾ 860)

ਕੱਲ ਦੀ ਗੱਲ ਹੈ ਮੈਂ ਕਿਸੇ ਨੂੰ ਗੁਰੂ ਦੀ ਵਡਿਆਈ ਤੇ ਉਸਦੀ ਪਰਦੇ ਢਕਣ, ਦੁਖ ਮਿਟਾਉਣ ਦੀ ਸ਼ਕਤੀ ਬਾਰੇ ਗੁਰਬਾਣੀ ਦੀਆਂ ਤੁਕਾਂ ਰਾਹੀਂ ਵਿਚਾਰ ਕਰ ਰਿਹਾ ਸੀ ਤੇ ਉਹ ਬੰਦਾ ਵਾਰ ਵਾਰ ਕਹੀ ਜਾਏ ਆਪੋਂ ਵੀ ਤਾਂ ਸੋਚਣਾ ਹੈ, ਮੈਂ ਆਪਣੇ ਬੱਚਿਆਂ ਬਾਰੇ ਨਾ ਸੋਚਾਂ ਤਾਂ ਕੌਣ ਸੋਚੇਗਾ, ਵਗੈਰਾ। ਮੈਂ ਹੈਰਾਨ ਹੋ ਕੇ ਚੁਪ ਤਾਂ ਕਰ ਗਿਆ ਪਰ ਵਿਚਾਰ ਆਇਆ ਕਿ ਜਿਹੜਾ ਬੰਦਾ ਇਹ ਕਹਿ ਰਿਹਾ ਸੀ ਕਿ ਉਸਨੇ ਆਪਣੀ ਜ਼ਿੰਦਗੀ ਵਿਚ ਤੱਕਿਆ ਹੈ ਕਿ ਜਦ ਉਸ ਉੱਤੇ ਸੰਕਟ ਆਇਆ ਸੀ ਤਾਂ ਮੱਦਦ ਕਰਨ ਦੀ ਬਜਾਇ ਉਹਦੇ ਰਿਸ਼ਤੇਦਾਰ ਨੇੜੇ ਹੀ ਨਹੀਂ ਸੀ ਢੁਕੇ। ਜਦ ਤਕ ਉਹ ਆਪ ਫੇਰ ਪੈਰਾਂ ਤੇ ਨਹੀਂ ਸੀ ਖਲੋ ਗਿਆ। ਇਕ ਸੰਬੰਧੀ ਨੇ ਤਾਂ ਸੰਕਟ ਵੇਲੇ ਹੀ ਮੁਕਦਮਾ ਕਰ ਦਿੱਤਾ ਜਾਇਦਾਦ ਦੀ ਵੰਡ ਬਾਰੇ। ਇਹ ਖਿਆਲ ਕਰਕੇ ਕਿ ਇਸ ਸੰਕਟ ਵੇਲੇ ਉਹ ਕੁਝ ਕਰ ਨਹੀਂ ਸਕੇਗਾ। ਸਚਾਈ ਯਾਦ ਆ ਗਈ ਗੁਰੂ ਦੀ-

*ਜਾਨਿ ਬੂਝਿ ਕੈ ਬਾਵਰੇ ਤੈ ਕਾਜੁ ਬਿਗਾਰਿਓ॥*
*ਪਾਪ ਕਰਤ ਸੁਕਚਿਓ ਨਹੀ ਨਹ ਗਰਬੁ ਨਿਵਾਰਿਓ॥*

(ਪੰਨਾ 727)

ਪਰ ਇਸ ਤੋਂ ਵੀ ਵੱਧ ਧਿਆਨਯੋਗ ਹੈ,

*ਸੰਪਤਿ ਰਥ ਧਨ ਰਾਜ ਸਿਉ ਅਤਿ ਨੇਹੁ ਲਗਾਇਓ॥*
*ਕਾਲ ਫਾਸ ਜਬ ਗਲਿ ਪਰੀ ਸਭ ਭਇਓ ਪਰਾਇਓ॥*

(ਪੰਨਾ 727)

ਕਮਾਲ ਦੀ ਗੱਲ ਇਹ ਹੈ ਕਿ

*ਕਬੀਰ ਮਨੁ ਜਾਨੈ ਸਭ ਬਾਤ*
*ਜਾਨਤ ਹੀ ਅਉਗਨੁ ਕਰੈ॥*
*ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥*

(ਪੰਨਾ 1376)

ਖੈਰ, ਇਹ ਤਾਂ ਸਾਫ ਹੈ ਜਿਵੇਂ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਇਕ ਵਾਹਿਗੁਰੂ ਦੇ ਨਾਮ ਬਿਨ ਅਗੇ ਕੁਝ ਨਹੀਂ ਜਾਏਗਾ ਤੇ ਸਭ ਕੁਛ ਖੋਹ ਲਿਆ ਜਾਏਗਾ ਜਿਵੇਂ ਉੱਪਰ ਗੁਰੂ ਤੇਗ ਬਹਾਦਰ ਜੀ ਨੇ ਕਿਹਾ ਹੈ ਕਿ ਪ੍ਰਭੂ ਨੂੰ ਵਿਸਾਰਣ ਨਾਲ ਧੱਕੇ ਹੀ ਮਿਲਣੇ ਹਨ ਕਿਉਂਕਿ ਉਸ ਬਿਨਾਂ ਹੋਰ ਕੋਈ ਹੈ ਹੀ ਨਹੀਂ। ਨਿਰਮਲ ਸੋਇ ਹੁੰਦੀ ਹੀ ਤਾਂ ਹੈ ਜਦ ਬੰਦਾ ਆਪਣੇ ਪ੍ਰੀਤਮ ਪ੍ਰਭੂ ਦੇ ਚਰਨਾਂ ਵਿਚ ਲੱਗਦਾ ਹੈ। ਇਸੇ ਲਈ ਸਾਹਿਬ ਆਪ ਬੇਨਤੀ ਕਰਦੇ ਹਨ- ਪ੍ਰਭੂ ਜੀ, ਕਿਰਪਾ ਕਰੋ ਮੇਰੀ ਕਿਸਮਤ ਜਾਗੇ। ਆਪ ਮਿਲ ਪਵੋ ਤਾਂ ਜੋ ਵਿਸਾਖ ਮੇਰੇ ਲਈ ਸੁਹਾਵਣਾ ਹੋ ਜਾਏ ਤੇ ਉਹ ਤਾਂ ਹੀ ਹੋ ਸਕਦਾ ਹੈ, ਜੇ ਗੁਰੂ ਅੰਦਰੋਂ ਮਿਲ ਪਵੇ ਤੇ ਸ਼ਬਦ ਰਾਹੀਂ ਮਨ ਅੰਦਰ ਚੋਂਦਾ ਅੰਮ੍ਰਿਤ ਪੀਂਦਾ ਰਹਵੇ।

ਖਿਆਲ ਆਇਆ ਜਦ ਗੁਰੂ ਸਾਹਿਬ ਨੇ ਸਾਫ ਦਸ ਦਿੱਤਾ ਹੈ "ਹਰਿ ਬਿਸਰਤ ਸਦਾ ਖੁਆਰੀ" (ਪੰਨਾ 717) ਤਾਂ ਅਸੀਂ ਸਮਝਦੇ ਕਿਉਂ ਨਹੀਂ? ਸਗੋਂ ਕੁਝ ਚਿਰ ਤੋਂ ਮੈਨੂੰ ਬੜੀ ਯਾਦ ਆਉਂਦੀ ਹੈ ਗੁਰੂ ਨਾਨਕ ਦੇਵ ਜੀ ਦੀ ਬਾਬਰ ਦੇ ਹਮਲੇ ਵੇਲੇ ਦੀ ਇਹ ਤੁਕ-

*ਰਾਮ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ॥*

(ਪੰਨਾ 417)

ਅਤੇ

*ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥*

(ਪੰਨਾ 417)

ਪਰ ਤਿੰਨ ਗੱਲਾਂ ਹੁਣ ਅਸੀਂ ਵੀਚਾਰ ਲਈਏ। ਕੀ ਵਿਸਾਖੀ ਕੇਵਲ ਭੰਗੜੇ ਪਾਣ ਲਈ ਹੁੰਦੀ ਹੈ? ਜਾਂ ਫਿਰ ਸ਼ਰਾਬ ਪੀ ਕੇ ਬਰਾਤ ਦੇ ਢੁਕਣ ਵੇਲੇ ਨਾਚ ਕਰਕੇ ਅਸ਼ਲੀਲ ਗਾਣੇ ਬੋਲਣ ਦੀ? ਜਾਂ ਫਿਰ ਆਪਣੀ ਵਡਿਆਈ ਦਿਖਾ ਕੇ ਗੁਰਦੁਆਰੇ ਦਾ ਪ੍ਰਧਾਨ ਬਣ ਕੇ ਲੋਕਾਂ ਨੂੰ 'ਅਸੀਂ ਖਾਲਸੇ ਹਾਂ' ਦਾ ਉਲਟੇ ਤਰੀਕੇ ਨਾਲ ਸ਼ਰਾਬ ਪੀਕੇ ਮੁੰਧੇ ਹੋ ਕੇ ਮੂੰਹ ਕਾਲਾ ਕਰਨ ਦੀ? ਦੂਜੀ ਗੱਲ ਕੀ ਅਸੀਂ ਉਹ ਖਾਲਸਾ ਹਾਂ ਜਿਸ ਬਾਰੇ ਮਾਣ ਨਾਲ

ਅਸੀਂ ਗੁਰੂ ਗੋਬਿੰਦ ਸਿੰਘ ਦੀ ਅਦੁੱਤੀ ਖੇਡ ਬਾਰੇ ਲਿਖ ਕੇ, ਬੋਲ ਕੇ, ਸੁਣਾ ਕੇ ਚਸਕੇ ਲੈਂਦੇ ਹਾਂ, ਪਰ ਕੰਮ ਬਿਲਕੁਲ ਉਲਟ ਕਰਦੇ ਹਾਂ? ਤੀਸਰੀ ਗੱਲ, ਕੀ ਅਸੀਂ ਸ਼ਬਦ ਸੁਰਤਿ ਦਾ ਅਸਲੀ ਮਤਲਬ ਸਮਝ ਪਾਏ ਹਾਂ। ਕੋਈ ਤਾਂ ਇਹ ਨਹੀਂ ਫੈਸਲਾ ਕਰ ਪਾਇਆ ਕਿ ਸੁਰਤ ਨੂੰ ਮੇਲਣਾ ਕੀ ਹੁੰਦਾ ਹੈ। ਕੋਈ ਜੀਭ ਉਚੀ ਨੀਵੀਂ ਕਰਕੇ ਇਕ ਖਾਸ ਤਰੀਕੇ ਨਾਲ ਵਾਹਿਗੁਰੂ ਦਾ ਉਚਾਰਨ ਕਰਕੇ ਲਮਕਾ ਕੇ ਕਹਿੰਦਾ ਹੈ ਮੈਂ ਸ਼ਬਦ ਸੁਰਤ ਦਾ ਮੇਲ ਕਰ ਲਿਆ ਹੈ।

ਕੋਈ ਹੋਰ ਕਹਿੰਦਾ ਹੈ ਇਹ ਤਾਂ ਬਿਲਕੁਲ ਗਲਤ ਹੈ, ਅਸੀਂ ਤਾਂ ਸਾਹ ਅੰਦਰ ਕਰਦਿਆਂ ਵਾਹ ਕਹਿਣਾ ਹੈ ਤੇ ਬਾਹਰ ਕਰਦਿਆਂ ਗੁਰੂ ਕਹਿਣਾ ਹੈ। ਮੈਂ ਹੈਰਾਨ ਤਾਂ ਹੁੰਦਾ ਹੀ ਹਾਂ ਪਰ ਜਦ ਸੁਣਦਾ ਹਾਂ ਇਕ ਸੁਰਤ ਮਿਲਾਉਣ ਵਾਲਾ ਦੂਜੇ ਨੂੰ ਕਹਿੰਦਾ ਹੈ ਤੁਸੀਂ ਅੰਮ੍ਰਿਤ ਵੇਲੇ ਕੀਰਤਨ ਕਰਦੇ- ਸੁਣਦੇ ਹੋ, ਨਾਮ ਨਹੀਂ ਜਪਦੇ? ਤੁਸੀਂ ਤਾਂ ਜੀਰੋ ਹੋ। ਦੂਜਾ ਕਹਿੰਦਾ ਹੈ, ਆਪੇ ਪਤਾ ਲੱਗ ਜਾਏਗਾ ਤੁਸੀਂ ਗਲਤ ਰਸਤੇ ਤੇ ਹੋ। ਵਾਹਿਗੁਰੂ ਜਾਣੇ, ਮੈਂ ਤਾਂ ਸ਼ਬਦ-ਸੁਰਤ ਦੇ ਰਸ ਨੂੰ ਇਹ ਸਮਝ ਕੇ ਸ਼ਬਦ ਦੀ ਗਹਿਰਾਈ ਨੂੰ ਚਮੁਟ ਕੇ ਆਪਣੀ ਸੁਰਤ ਨੂੰ ਕਹਿੰਦਾ ਹਾਂ- ਲੈ ਲੈ ਰਸ ਆਇਆ ਹੈ, ਹੜ ਗੁਰੂ ਦੀ ਰਹਿਮਤ ਦਾ। ਜਦ ਮਨ 'ਖਿੜਿਆ ਹਰਿਆ ਬਾਗ' ਵਾਂਗ ਅੰਦਰੋਂ ਹਜ਼ੂਰੀ ਵਿਚ ਚਲਾ ਜਾਂਦਾ ਹੈ ਗੁਰੂ ਸਾਹਿਬਾਨ ਦੀਆਂ ਸ਼ਹੀਦੀਆਂ ਵਾਲੇ ਦਿਨਾਂ ਵਿਚ ਜਾਂ ਖਾਲਸੇ ਦੀ ਸਾਜਨਾ ਵਾਲੇ ਦਿਨ ਤੇ ਜਾਂ ਸਾਹਿਬਜਾਦਿਆਂ ਦੀਆਂ ਸ਼ਹੀਦੀਆਂ ਵਾਲੇ ਦਿਨ, ਤਾਂ ਇਕੋ ਖਿਆਲ ਰਹਿੰਦਾ ਹੈ ਕਿ ਤੈਨੂੰ ਸੁਰਤ-ਸ਼ਬਦ ਦੇ ਮੇਲ ਦਾ ਰਸ ਤਿਆਰ ਕਰ ਰਿਹਾ ਹੈ ਕਿ ਨੀਂਹਾਂ ਵਿਚ ਚਿਣਿਆ ਜਾਏ ਪਰ ਸਚ ਨਾ ਛੱਡੇਂ? ਕੀ ਤੂੰ ਵਿਸਾਖੀ ਮਨਾਉਂਦਿਆ ਸੁਰਤ-ਸ਼ਬਦ ਵਾਲੀ ਇਸ ਸੋਚ ਵਿਚ ਹੈਂ ਕਿ ਆਰਿਆਂ ਦਾ ਪਿਆਰ ਗੁਰੂ ਦੇ ਚਰਨਾਂ ਦੀ ਛੋਹ ਹੀ ਹੋਏਗਾ ਕਿਉਂਕਿ ਜਦੋਂ ਗੁਰੂ ਤੇਗ ਬਹਾਦਰ ਸਾਹਿਬ ਨੇ ਆਪ ਸ਼ਹੀਦੀ ਸਹੇੜੀ ਸੀ ਧਰਮ ਦੀ ਅਜਾਦੀ ਲਈ ਤਾਂ ਭਾਈ ਮਤੀਦਾਸ, ਭਾਈ ਸਤੀਦਾਸ ਤੇ ਭਾਈ ਦਿਆਲਾ ਸਰੀਰਾਂ ਦੀ ਨਾ ਪਰਵਾਹ ਕਰਦੇ ਹੋਏ ਜਾ ਬੈਠੇ ਸਨ ਗੁਰੂ ਦੇ ਚਰਨਾਂ ਦੇ ਆਸ਼ਰਮ ਵਿਚ। ਆਰਾ, ਤਲਵਾਰ, ਦੇਗ ਤੇ ਅੱਗ ਇਨ੍ਹਾਂ ਮਹਾਂਪੁਰਸ਼ਾਂ ਨੂੰ ਕੁਝ ਨਾ ਕਰ ਸਕੇ, ਉਹ ਅਜੇ ਵੀ ਜੀਉਂਦੇ ਹਨ। ਕੀ ਇਸ ਤਰ੍ਹਾਂ ਸ਼ਬਦ-ਸੁਰਤ ਦਾ ਮੇਲ ਸਮਝ ਪਾਏ ਹਾਂ ਗੁਰੂ ਨਾਨਕ ਦੇ ਵਿਸਾਖ ਦੇ ਜੀਵਨ ਜਾਚ ਰਾਹੀਂ?

# ਓ ਅੰ (ਓ) - ਓ ਅੰਕਾਰ (ਓ) - ੴ ਅੰਕਾਰ (ੴ)

ਸੋਹਣ ਸਿੰਘ : 3027, ਸੈਕਟਰ 27-ਡੀ, ਚੰਡੀਗੜ੍ਹ

*ਅਰਬਦ ਨਰਬਦ ਧੁੰਧੂਕਾਰਾ॥*
*ਧਰਣਿ ਨ ਗਗਨਾ ਹੁਕਮੁ ਅਪਾਰਾ॥*
*ਨ ਦਿਨੁ ਰੈਨਿ ਨ ਚੰਦੁ ਨ ਸੂਰਜ*
*ਸੁੰਨ ਸਮਾਧਿ ਲਗਾਇਦਾ॥*

........................

*ਜਾ ਤਿਸੁ ਭਾਣਾ ਤਾ ਜਗਤ ਉਪਾਇਆ॥*
*ਬਾਝੁ ਕਲਾ ਅਡਾਣ ਰਹਾਇਆ॥*
*ਬ੍ਰਹਮਾ ਬਿਸਨੁ ਮਹੇਸੁ ਉਪਾਏ*
*ਮਾਇਆ ਮੋਹੁ ਵਧਾਇਦਾ॥* ਪਾ.1/ਪੰਨਾ 1035

ਬ੍ਰਹਿਮੰਡ ਦੇ ਆਗਾਜ਼ ਤੋਂ ਪਹਿਲੋਂ ਹਰ ਥਾਂ ਹਨੇਰ, ਘੁਪ ਘੋਰ (ਧੁੰਧੂਕਾਰ) ਹੀ ਛਾਇਆ ਹੋਇਆ ਸੀ। ਨ ਉਸ ਸਮੇਂ ਧਰਤੀ ਸੀ ਤੇ ਨਾ ਹੀ ਆਸਮਾਨ; ਕੇਵਲ ਪ੍ਰਮਾਤਮਾ ਦਾ ਹੁਕਮ (ਇਕ ਧੁਨ/ਅਨਹਦ ਸ਼ਬਦ) ਸਭਾਇਮਾਨ ਸੀ॥ ਗੁਰੂ ਜੀ ਇਸ ਸ਼ਬਦ/ਧੁਨ ਨੂੰ ਓਅੰ (ॐ) ਪ੍ਰਵਾਨ ਕਰਕੇ ਉਸ ਸਤਿਗੁਰੂ ਪ੍ਰਮਾਤਮਾ ਨੂੰ ਨਮਸ਼ਕਾਰ ਕਰਦੇ ਹਨ ਜੋ ਆਦਿ, ਮਧਿ ਤੇ ਅੰਤ ਵਿਚ ਨਿਰਅਕਾਰ ਹੈ, ਸਤਿ ਸਰੂਪ ਹੈ।

*ਓਅੰ ਸਾਧ ਸਤਿਗੁਰ ਨਮਸਕਾਰ॥*
*ਆਦਿ ਮਧਿ ਅੰਤਿ ਨਿਰੰਕਾਰ॥* ਪਾ.5/ਪੰਨਾ 250
*ਓਅੰ ਆਦਿ ਰੂਪੇ॥ ਅਨਾਦਿ ਸਰੂਪੈ॥*
(ਜਾਪ ਸਾਹਿਬ)

ਜਦੋਂ ਪ੍ਰਮਾਤਮਾ ਦੀ ਮਰਜੀ ਹੋਈ ਤਾਂ ਉਸ (ਓਅੰ/ਬ੍ਰਹਮ) ਨੇ ਕੇਵਲ ਇਕ ਸ਼ਬਦ ਦੁਆਰਾ ਸਾਰੀ ਸ੍ਰਿਸ਼ਟੀ, ਸਾਰੇ ਬ੍ਰਹਿਮੰਡ ਦਾ ਪਸਾਰਾ ਕਰ ਦਿੱਤਾ।

*ਕੀਤਾ ਪਸਾਉ ਏਕੋ ਕਵਾਉ॥*
*ਤਿਸ ਤੇ ਹੋਏ ਲਖ ਦਰੀਆਉ॥*
(ਜਪੁਜੀ ਸਾਹਿਬ)

*ਓਅੰ ਗੁਰਮੁਖਿ ਕੀਓ ਪਸਾਰਾ॥*
*ਏਕਹਿ ਸੂਤਿ ਪਰੋਵਣਹਾਰਾ॥* ਪਾ.5/ਪੰਨਾ 250)

ਇਹ ਸ਼ਬਦ ਜਿਸ ਰਾਹੀਂ ਸਾਰੀ ਸ੍ਰਿਸ਼ਟੀ ਦਾ ਪਸਾਰਾ ਹੋਇਆ, ਗੁਰੂ ਸਾਹਿਬ ਨੇ ਓਅੰਕਾਰ (ਓ) ਕਰਕੇ ਦਰਸਾਇਆ ਹੈ ਜੋ ਕੇ ਮਿੱਠੇ ਸਵੱਰਾਂ ਵਿਚ ਅਲਾਪੀ ਜਾ ਰਹੀ ਇਕ ਧੁਨੀ ਦੇ ਰੂਪ ਵਿਚ ਸਭਾਇਮਾਨ ਹੋਈ ਤੇ ਹਮੇਸ਼ਾ ਅਮਰ ਹੈ।

*ਓਅੰਕਾਰ ਏਕ ਧੁਨ ਏਕੈ, ਏਕੋ ਰਾਗ ਅਲਾਪੈ॥*
*ਏਕਾ ਦੇਸੀ ਏਕੁ ਦਿਖਾਵੈ, ਏਕੋ ਰਹਿਆ ਬਿਆਪੈ॥*
ਪਾ.5/ਪੰਨਾ 885

ਇਸ ਓਅੰਕਾਰ ਸ਼ਬਦ ਦੁਆਰਾ ਜੋ (ਓਅੰ) ਪ੍ਰਮਾਤਮਾ ਨੇ ਸਰਗੁਨ ਸਰੂਪ ਧਾਰਿਆ ਉਸ ਦੀ ਇਕ ਝਲਕ ਗੁਰੂ ਸਾਹਿਬ ਨੇ ਉਸ ਸਮੇਂ ਦਰਸਾਈ ਜਦੋਂ ਉਹ ਆਪਣੀਆਂ ਉਦਾਸੀਆਂ ਸਮੇਂ ਭਰਮਣ ਕਰਦੇ ਕਰਦੇ ਨਰਬਦਾ ਨਦੀ ਦੇ ਕਿਨਾਰੇ ਇਕ ਸ਼ਿਵਾ ਦੇ ਮੰਦਰ ਪਹੁੰਚੇ ਜਿਸ ਵਿਚ ਸ਼ਿਵਜੀ ਦੀ ਮੂਰਤੀ ਸਥਾਪਿਤ ਸੀ ਤੇ ਉਸ ਮੂਰਤੀ ਦੀ ਪੂਜਾ ਓਅੰਕਾਰ ਕਰਕੇ ਕਰਦੇ ਸਨ ਤੇ ਇਸ ਮੰਦਰ ਦਾ ਨਾਮ ਵੀ ਓਅੰਕਾਰ ਮੰਦਰ ਰੱਖਿਆ ਹੋਇਆ ਸੀ। ਉਸ ਮੰਦਰ ਦੇ ਪੁਜਾਰੀਆਂ ਤੇ ਵਿਸ਼ਵਾਸੀਆਂ ਦਾ ਭਰਮ ਦੂਰ ਕਰਨ ਲਈ ਗੁਰੂ ਨਾਨਕ ਸਾਹਿਬ ਨੇ ਇਹ ਸ਼ਬਦ ਉਚਾਰਨ ਕੀਤਾ।

*ਓਅੰਕਾਰ ਬ੍ਰਹਮਾ ਉਤਪਤਿ॥*
*ਓਅੰਕਾਰ ਕੀਆ ਜਿਨਿ ਚਿਤਿ॥*
*ਓਅੰਕਾਰਿ ਸੈਲ ਜੁਗ ਭਏ॥ ਓਅੰਕਾਰਿ ਬੇਦ ਨਿਰਮਏ॥*
*ਓਅੰਕਾਰਿ ਸਬਦਿ ਉਧਰੇ॥ ਓਅੰਕਾਰਿ ਗੁਰਮੁਖਿ ਤਰੇ॥*
ਪਾ.1/ਪੰਨਾ 930

ਗੁਰੂ ਸਾਹਿਬ ਨੇ ਬਚਨ ਕੀਤੇ ਤੇ ਸਮਝਾਇਆ ਕਿ ਓਅੰਕਾਰ ਤਾਂ ਪ੍ਰਮਸ਼ਕਤੀ ਪ੍ਰਮਾਤਮਾ ਦਾ ਪ੍ਰਤੀਕ ਹੈ ਜਿਸ ਨੇ ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਬਣਾਏ ਹਨ, ਵੇਦਾਂ ਦਾ ਗਿਆਨ ਬਣਾਇਆ ਹੈ, ਸਮੇ ਦੀ ਵੰਡ ਜੁਗ ਬਣੇ, ਇਸ ਸ਼ਬਦ ਰਾਹੀਂ ਤਾਂ ਪ੍ਰਾਣੀਆਂ ਦਾ ਉਧਾਰ ਹੁੰਦਾ ਹੈ ਤੇ ਸੰਤ ਜਨਾਂ ਨੂੰ ਪਛਾਣਿਆ ਜਾਂਦਾ ਹੈ।

ਕਿਉਂਕਿ ਸੰਤ ਜਨ ਹੀ ਇਸ ਸ਼ਬਦ ਰਾਹੀਂ ਉਸ ਪ੍ਰਮਸ਼ਕਤੀ ਵਿਚ ਲੀਨ ਹੋਏ ਰਹਿੰਦੇ ਹਨ। ਇਸੀ ਸ਼ਬਦ ਦੁਆਰਾ ਹੀ ਪ੍ਰਾਣੀਆਂ ਦੇ ਮਨ ਤੇ ਬੁੱਧੀ ਦੀ ਬਨਾਵਟ ਬਣੀ ਹੈ ਜਿਸ ਕਾਰਨ ਉਹ ਉਸ ਸ਼ਕਤੀ ਨਾਲ ਲਿਵ ਲਗਾ ਸਕਦੇ ਹਨ।

ਇਸ ਸ਼ਬਦ, ਓਅੰਕਾਰ ਰਾਹੀਂ ਜੋ ਸ੍ਰਿਸ਼ਟੀ ਦਾ ਪਸਾਰਾ ਹੋਇਆ, ਉਸਨੂੰ ਪ੍ਰਮਾਤਮਾ ਦੀ ਕਿਰਤ ਜਾਂ ਕਾਰ ਜਾਂ ਕੁਦਰਤਿ ਕਿਹਾ ਜਾਂਦਾ ਹੈ। ਇਸ ਨੂੰ ਪ੍ਰਮ ਸ਼ਕਤੀ ਨੇ ਬੜੀ ਤਰਤੀਬਵਾਰ ਬਣਾਇਆ ਹੈ। ਧੁੰਧੂਕਾਰ ਤੋਂ ਪ੍ਰਕਾਸ਼, ਹਵਾ,

ਪਾਣੀ, ਧਰਤੀ ਬਨਸਪਤੀ ਤੇ ਫਿਰ ਜੀਵ ਜੰਤੂ; ਕਿਉਂਕਿ ਪ੍ਰਮ ਸ਼ਕਤੀ ਨੂੰ ਬਨਸਪਤੀ ਤੇ ਜੀਵ ਜੰਤੂ ਦੇ ਅਹਾਰ ਪਹਿਲੋਂ ਬਣਾਏ ਹਨ। ਕਿਉਂਕਿ ਜੋ ਇਹਨਾਂ ਦੀ ਜਿੰਦਗੀ ਬਰਕਰਾਰ ਰਹਿ ਸਕੇ।

*ਕਾਹੇ ਰੇ ਮਨ ਚਿਤਵਹਿ ਉਦਮੁ,*
*ਜਾ ਆਹਰਿ ਹਰਿ ਜੀਉ ਪਰਿਆ॥*
*ਸੈਲ ਪਥਰ ਮਹਿ ਜੰਤ ਉਪਾਏ,*
*ਤਾ ਕਾ ਰਿਜਕੁ ਆਗੈ ਕਰਿ ਧਰਿਆ॥*

ਪਾ: 5

ਕੁਦਰਤ ਵੀ ਅਗਮ ਅਪਾਰ ਹੈ ਜਿਸ ਦੀ ਡੂੰਘਾਈ ਤੇ ਵਿਸ਼ਾਲਤਾ ਦਾ ਅੰਤ ਨਹੀਂ ਪਾਇਆ ਜਾ ਸਕਦਾ। ਇਸਨੂੰ ਹੀ ਪ੍ਰਮਾਤਮਾ ਦਾ ਸਰਗੁਨ ਸਰੂਪ ਦਰਸਾਇਆ ਗਿਆ ਹੈ। ਇਸ ਨੂੰ ਦੇਖ ਕੇ ਜਾਂ ਅਨੁਭਵ ਕਰਕੇ ਇਸ ਤੋਂ ਵਾਰੇ ਵਾਰੇ ਹੀ ਜਾਣ ਨੂੰ ਦਿਲ ਕਰਦਾ ਹੈ ਤਾਂ ਪ੍ਰਮ ਸ਼ਕਤੀ 'ਚ ਲੀਨ ਹੋਣ ਦਾ ਅਵਸਰ ਮਿਲਦਾ ਹੈ। ਵਿਸਮਾਦ ਅਵੱਸਥਾ ਬਣਦੀ ਹੈ।

*ਕੁਦਰਤ ਕਵਨ ਕਹਾ ਵਿਚਾਰ॥*
*ਵਾਰਿਆ ਨ ਜਾਵਾ ਏਕ ਵਾਰ॥*

(ਜਪੁਜੀ ਸਾਹਿਬ)

ਓਅੰਕਾਰ ਸ਼ਬਦ ਦੁਆਰਾ ਜੋ ਕੁਦਰਤ ਵਿਚ ਓਅੰ ਦਾ ਸਰਗੁਨ ਸਰੂਪ ਦਰਸਾਇਆ ਹੈ ਦੀ ਇਕ ਝਲਕ ਗੁਰੂ ਨਾਨਕ ਸਾਹਿਬ ਨੇ ਆਸਾ ਦੀ ਵਾਰ ਵਿਚ ਇੰਝ ਦਰਸਾਈ ਹੈ।

*ਕੁਦਰਤਿ ਦਿਸੈ ਕੁਦਰਤਿ ਸੁਣੀਐ,*
*ਕੁਦਰਤਿ ਭਉ ਸੁਖਸਾਰ॥*
*ਕੁਦਰਤਿ ਪਾਤਾਲੀ ਆਕਾਸੀ,*
*ਕੁਦਰਤਿ ਸਰਬ ਆਕਾਰੁ॥*
*ਕੁਦਰਤਿ ਵੇਦ ਪੁਰਾਣ ਕਤੇਬਾ,*
*ਕੁਦਰਤਿ ਸਰਬ ਵੀਚਾਰੁ॥*
*ਕੁਦਰਤਿ ਖਾਣਾ ਪੀਣਾ ਪੈਨਣੁ,*
*ਕੁਦਰਤਿ ਸਰਬ ਪਿਆਰੁ॥*
*ਕੁਦਰਤਿ ਜਾਤੀ ਜਿਨਸੀ ਰੰਗੀ,*
*ਕੁਦਰਤਿ ਜੀ ਜਹਾਨ॥*
*ਕੁਦਰਤਿ ਨੇਕੀਆ ਕੁਦਰਤਿ ਬਦੀਆ*
*ਕੁਦਰਤਿ ਮਾਨੁ ਅਭਿਮਾਨੁ॥*
*ਕੁਦਰਤਿ ਪਉਣ ਪਾਣੀ ਬੈਸੰਤਰੁ,*
*ਕੁਦਰਤਿ ਧਰਤੀ ਖਾਕੁ॥* ਪਾ:1

ਗੁਰੂ ਨਾਨਕ ਸਾਹਿਬ ਦੇ ਸਮੇਂ ਭਾਰਤੀ ਜਨਤਾ ਪ੍ਰਮਾਤਮਾ ਨੂੰ ਪੂਜਨ ਦੀ ਬਜਾਏ ਬ੍ਰਹਮਾ, ਵਿਸ਼ਨੂੰ, ਸ਼ਿਵ, ਗਨੇਸ਼, 12 ਅਵਤਾਰ ਤੇ 9 ਦੇਵੀਆਂ ਨੂੰ ਪੂਜਦੀ ਸੀ। 68 ਤੀਰਥਾਂ ਦਾ ਇਸ਼ਨਾਨ ਤੇ ਕਈ ਤਰ੍ਹਾਂ ਦੇ ਕਰਮ ਕਾਂਡ ਹੀ ਮੁਕਤੀ ਦਾ ਸਾਧਨ ਸਮਝਿਆ ਜਾਂਦਾ ਸੀ। ਇਹਨਾਂ ਭਰਮਾਂ ਨੂੰ ਦੂਰ ਕਰਨ ਲਈ ਗੁਰੂ ਸਾਹਿਬ ਨੇ ਓਅੰਕਾਰ ਦੇ ਨਾਲ "੧" ਜੋੜ ਦਿੱਤਾ ਤੇ ਸਿੱਖਿਆ ਪ੍ਰਦਾਨ ਕੀਤੀ ਕਿ ਪ੍ਰਮਾਤਮਾ ਕੇਵਲ ਇਕ ਹੈ। ਉਸ ਦੀ ਪੂਜਾ, ਉਸ ਨੂੰ ਸਿਮਰਨਾ ਹੀ ਮੁਕਤੀ ਦਾ ਸਾਧਨ ਹੈ। ਉਸਨੂੰ ਯਾਦ ਕਰਨ ਨਾਲ ਹੀ ਕਾਮ ਧੇਨ ਗਊ ਤੇ ਪਾਰਜਾਤ ਰੁਖ ਦੀ ਪ੍ਰਾਪਤੀ ਯਾਨੀ ਰਿੱਧੀਆਂ ਸਿੱਧੀਆਂ ਪ੍ਰਾਪਤ ਹੁੰਦੀਆਂ ਹਨ। ਗੁਰੂ ਸਾਹਿਬ ਨੇ ਤਾਂਹੀ ਤਾਂ ਮੂਲ ਮੰਤਰ

*ੴ ਸਤਿਨਾਮੁ ਕਰਤਾ ਪੁਰਖੁ, ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ*

ਉਚਾਰਨ ਸਮੇਂ ੴ (ਇਕ ਓਅੰਕਾਰ) ਨੂੰ ਸਤਿਨਾਮ ਦੀ ਪਦਵੀ ਦਿੱਤੀ ਹੈ ਤੇ ਬਾਰ ਬਾਰ ਇਸਨੂੰ ਸਿਮਰਨ ਲਈ ਆਪਣੀ ਸਰੀਰਕ ਉਮਰ ਵਿਚ ਤਾਕੀਦ ਕੀਤੀ ਹੈ।

*ਜਪਿ ਮਨ ਸਤਿਨਾਮੁ ਸਦਾ ਸਤਿਨਾਮੁ॥*
*ਹਲਤਿ ਪਲਤਿ ਮੁਖ ਉਜਲ ਹੋਈ ਹੈ,*
*ਨਿਤ ਧਿਆਈਐ॥ ਹਰਿ ਪੁਰਖੁ ਨਿਰੰਜਨਾ*

ਪਾ.5/ਪੰਨਾ 669

ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿਚ ਗੁਰੂ ਨਾਨਕ ਸਾਹਿਬ ਵੱਲੋਂ ਸਤਿਨਾਮ ਮੰਤ੍ਰ ਰਾਹੀਂ ਪ੍ਰਮਾਤਮਾ ਨੂੰ ਜਪਣ/ਜਪਾਉਣ ਦਾ ਜ਼ਿਕਰ ਕੀਤਾ ਹੈ।

*ਨਮਸਕਾਰ ਗੁਰਦੇਵ ਕੋ ਸਤਿਨਾਮੁ*
*ਜਿਸ ਮੰਤ੍ਰ ਸੁਣਾਇਆ॥*

ਵਾਰ 1, ਪਉੜੀ 1

*ਕਲਿਜੁਗੁ ਬਾਬੇ ਤਾਰਿਆ*
*ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ॥*
*ਕਲਿ ਤਾਰਣ ਗੁਰੂ ਨਾਨਕ ਆਇਆ॥*

ਵਾਰ ਪਉੜੀ 23

*ਸਤਿ ਰੂਪ ਸਤਿਨਾਮੁ ਕਰ*
*ਸਤਿਗੁਰ ਨਾਨਕ ਦੇਉ ਜਪਾਇਆ॥*

ਵਾਰ ਪਉੜੀ1

"ੴ" ਸ਼ਬਦ ਨੂੰ ਸਤਿਨਾਮ ਸਮਝ ਕੇ ਇਕ ਮਿੱਠੇ ਰਾਗ ਦੀਆਂ ਸਵੱਰਾਂ ਚ ਸੁਣਨਾ, ਉਸ ਪ੍ਰਭੂ ਦੀ ਧੁਨੀ ਨੂੰ ਸੁਣਨਾ ਹੈ ਅਤੇ ਕੁਦਰਤਿ ਦੀ ਡੂੰਘਾਈ ਤੇ ਵਿਸ਼ਾਲਤਾ ਦਾ ਅਨੁਭਵ ਕਰਦਿਆਂ ਹੋਇਆ ਉਸ ਪ੍ਰਮ ਸ਼ਕਤੀ ਵਿਚ ਮਗਨ ਹੋ ਸੁੰਨ ਸਮਾਧੀ ਵਿਚ ਜਾਣ ਦਾ ਸੁਖਾਲਾ ਵਸੀਲਾ ਜਾਪਦਾ ਹੈ।

# ਅਫ਼ਗਾਨਿਸਤਾਨ ਦੇ ਇਤਿਹਾਸਕ ਗੁਰਦੁਆਰੇ ਅਤੇ ਅਸਥਾਨ

ਡਾ. ਜਸਬੀਰ ਸਿੰਘ ਸਰਨਾ: ਮੀਆਂ ਮੀਰ ਨਗਰ, ਹਮਦਾਨਿਆ ਕਲੋਨੀ-4, ਬਿਮਨਾਂ ਸ੍ਰੀਨਗਰ 190 018, ਕਸ਼ਮੀਰ

ਸਿੱਖ ਤਵਾਰੀਖ ਅਨੁਸਾਰ ਕਾਬਲ ਸਿੱਖੀ ਦਾ ਵੱਡਾ ਕੇਂਦਰ ਰਿਹਾ ਸੀ। ਕਾਬਲ, ਅਫ਼ਗਾਨਿਸਤਾਨ ਦੀ ਰਾਜਧਾਨੀ ਹੈ। ਗੁਰੂ ਨਾਨਕ ਸਾਹਿਬ ਅਤੇ ਭਾਈ ਮਰਦਾਨਾ ਬਗਦਾਦ ਤੋਂ ਆਉਂਦੇ ਸਮੇਂ 1520-21 ਨੂੰ ਕਾਬਲ ਆ ਕੇ ਠਹਿਰੇ ਸਨ।

ਗੁਰੂ ਨਾਨਕ ਸਾਹਿਬ ਦੀ ਯਾਦ ਵਿਚ ਪਾਨਚੌਕ, ਜਬਾ (ਕਾਬਲ) ਵਿਚ ਇਤਿਹਾਸਕ ਗੁਰਦੁਆਰਾ ਸਾਹਿਬ ਬਣਿਆ ਹੋਇਆ ਸੀ ਪਰ 1947 ਤੋਂ ਬਾਅਦ ਅਫ਼ਗਾਨਿਸਤਾਨ ਸਰਕਾਰ ਨੇ ਗੁਰਦੁਆਰਾ ਸਾਹਿਬ ਢਾਹ ਕੇ ਇਥੇ ਸੜਕ ਬਣਾ ਲਈ ਸੀ। ਨਵਾਂ ਗੁਰਦੁਆਰਾ ਸਾਹਿਬ, ਸਿੱਖਾਂ ਨੇ ਦੂਜੀ ਥਾਂ ਉਸਾਰ ਦਿੱਤਾ ਸੀ। ਕਾਬਲ, ਗੁਰੂ ਅਰਜਨ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿਰਾਇ ਸਾਹਿਬ ਦੇ ਸਮੇਂ ਪ੍ਰਮੁੱਖ ਸਿੱਖੀ ਦਾ ਕੇਂਦਰ ਮੰਨਿਆ ਜਾਂਦਾ ਸੀ। ਅਫ਼ਗਾਨਿਸਤਾਨ ਦੀ ਧਰਤੀ ਤੇ ਬਹੁਤ ਸਾਰੇ ਇਤਿਹਾਸਕ ਅਸਥਾਨ ਅਤੇ ਯਾਦ ਚਿੰਨ੍ਹ ਹਨ ਜੋ ਇਸ ਪ੍ਰਕਾਰ ਹਨ:

**ਗੁਰਦੁਆਰਾ ਚੌਹਾ ਸਾਹਿਬ:** ਇਹ ਇਤਿਹਾਸਕ ਅਸਥਾਨ ਜਲਾਲਾਬਾਦ ਵਿੱਚ ਹੈ ਜਿਸ ਦਾ ਅਕਸ਼ਾਂਸ਼ 34-26 ਅਤੇ ਰੇਖਾਂਸ਼ ਦੇਸ਼ਾਂਤਰ 70-28 ਹੈ। ਇਹ ਅਫਗਾਨਿਸਤਾਨ ਦੀ ਪੂਰਬੀ ਦਿਸ਼ਾ ਵੱਲ ਹੈ। 'ਗੁਰਦੁਆਰਾ ਚੌਹਾ ਸਾਹਿਬ ਪਾਤਸ਼ਾਹੀ-ਪਹਿਲੀ' ਗੁਰੂ ਨਾਨਕ ਸਾਹਿਬ ਦੀ ਯਾਦ ਵਿਚ ਬਣਿਆ ਹੈ ਜਦੋਂ ਗੁਰੂ ਸਾਹਿਬ 16ਵੀਂ ਸਦੀ ਦੇ ਸ਼ੁਰੂ ਵਿਚ ਮੱਕਾ ਮਦੀਨਾ ਅਤੇ ਬਗਦਾਦ ਤੋਂ ਹੋ ਕੇ ਇਥੇ ਆਏ ਸਨ। ਗੁਰੂ ਸਾਹਿਬ ਨੇ ਸੰਗਤਾਂ ਦੀ ਪਾਨੀ ਦੀ ਘਾਟ ਨੂੰ ਮਹਿਸੂਸ ਕਰਦਿਆਂ 'ਚਿਸ਼ਮਾ' ਠੰਡੇ ਪਾਣੀ ਦਾ ਕੱਢਿਆ ਸੀ।

**ਗੁਰਦੁਆਰਾ ਗੁਰੂ ਨਾਨਕ ਚਿਸ਼ਮਾ:** ਇਹ ਇਤਿਹਾਸਕ ਅਸਥਾਨ ਜਲਾਲਾਬਾਦ ਕਾਬਲ ਸੜਕ ਉੱਤੇ ਆਉਂਦਾ ਹੈ। ਜਲਾਲਾਬਾਦ ਤੋਂ ਇਹ ਅੱਠ ਕਿਲੋਮੀਟਰ ਦੂਰ ਹੈ।

**ਕੌਡਾ ਸਾਹਿਬ:** ਇਹ ਗੁਰਦੁਆਰਾ ਅਸਕਾ ਪਿੰਡ ਵਿਚ ਹੈ। ਇਥੋਂ ਦੀ ਇੱਕ ਮਾਈ ਜਿਸ ਨੂੰ ਸਿੱਖ ਇਤਿਹਾਸ ਵਿੱਚ 'ਕਾਬਲ ਵਾਲੀ ਮਾਈ' ਕਰ ਕੇ ਲਿਖਿਆ ਹੈ, ਅੰਮ੍ਰਿਤਸਰ ਜਾ ਕੇ ਕਾਰ ਸੇਵਾ ਕਰਦੀ ਸੀ।

**ਗੁਰਦੁਆਰਾ ਚੱਕੀ ਸਾਹਿਬ:** ਬਾਬਰ ਨੇ ਕਾਬਲ ਵਿਚ ਬਹੁਤੇ ਪੀਰ ਫਕੀਰ ਕੈਦ ਕਰਕੇ ਚੱਕੀਆਂ ਪੀਹਣ ਲਾ ਰੱਖੇ ਸਨ। ਜਦੋਂ ਗੁਰੂ ਨਾਨਕ ਸਾਹਿਬ ਕਾਬਲ ਪੁੱਜੇ ਤਾਂ ਉਹ ਵੀ ਕੈਦ ਕਰਕੇ ਚੱਕੀ ਪੀਹਣ ਲਾ ਦਿੱਤੇ। ਗੁਰੂ ਸਾਹਿਬ ਦੀ ਚੱਕੀ ਆਪ ਮੁਹਾਰੇ ਚੱਲ ਪਈ ਤਾਂ ਜਦੋਂ ਬਾਦਸ਼ਾਹ ਨੂੰ ਇਸ ਗੱਲ ਦੀ ਖਬਰ ਹੋਈ ਤਾਂ ਉਸ ਸਾਰੇ ਫਕੀਰ ਗੁਰੂ ਸਾਹਿਬ ਦੇ ਕਹਿਣ ਤੇ ਰਿਹਾ ਕਰ ਦਿੱਤੇ। ਉਸੇ ਚੱਕੀ ਦਾ ਉਪਰਲਾ ਪੁੜ ਕਾਬਲ ਸ਼ਹਿਰ ਵਿਚ ਭਾਈ ਸ਼ਿਆਮ ਸਿੰਘ ਦੀ ਧਰਮਸ਼ਾਲਾ, ਵਿਚ ਪਿਆ ਹੈ ਅਤੇ ਚੱਕੀ ਦਾ ਹੇਠਲਾ ਪੁੜ 'ਸ਼ਾਹੀਬਾਗ' ਵਿੱਚ ਹੈ।

**ਘੜੂਕਾ ਪਹਾੜ ਟਿੱਬੀ ਸਾਹਿਬ:** ਇਹ ਥਾਂ ਕਾਬਲ ਤੋਂ 22 ਕਿਲੋਮੀਟਰ ਦੂਰ ਹੈ। ਦਿਨ ਦੇ ਸਮੇਂ ਇੱਥੇ ਰੇਤ ਇਕੱਠੀ ਹੁੰਦੀ ਹੈ ਅਤੇ ਰਾਤ ਨੂੰ ਖਿੰਡ ਜਾਂਦੀ ਹੈ। ਸਵੇਰ ਨੂੰ ਉਸ ਟਿੱਬੀ ਤੇ ਘੋੜਿਆਂ ਦੀਆਂ ਪੈੜਾਂ ਦੇ ਨਿਸ਼ਾਨ ਬਹੁਤ ਹੁੰਦੇ ਹਨ।

**ਹਜ਼ਾਰਾ ਪਰਬਤ:** ਇਥੇ ਇਤਿਹਾਸ ਅਸਥਾਨ 'ਕੋਠਾ ਸਾਹਿਬ' ਕਰਕੇ ਪ੍ਰਸਿੱਧ ਹੈ। ਇਥੇ ਕੜਾਹ ਪ੍ਰਸ਼ਾਦ ਵਿੱਚ 'ਪੰਜਾ' ਲੱਗਦਾ ਹੈ।

**ਬਾਬੇ ਦਾ ਥੜ੍ਹਾ:** ਕਾਬਲ ਤੋਂ ਤਿੰਨ ਕਿਲੋਮੀਟਰ ਦੂਰ ਪੱਛਮੀ ਦਿਸ਼ਾ ਵੱਲ ਬਾਬਰ ਦੇ ਸੰਗਮਰਮਰੀ ਮਹਿਲ ਦੇ ਨੇੜੇ 'ਬਾਬੇ ਦਾ ਥੜ੍ਹਾ' ਕਰਕੇ ਪ੍ਰਸਿੱਧ ਹੈ ਜਿੱਥੇ ਬਾਬਰ ਨੇ ਆ ਕੇ ਗੁਰੂ ਸਾਹਿਬ ਤੋਂ ਕਾਮਯਾਬੀ ਦੀ ਅਰਦਾਸ ਲਈ ਬੇਨਤੀ ਕੀਤੀ ਸੀ।

ਕਾਬਲ ਦੇ ਆਸਪਾਸ ਬਹੁਤ ਸਾਰੇ ਅਜਿਹੇ ਪਿੰਡ ਹਨ ਜਿੱਥੇ ਗੁਰੂ ਨਾਨਕ ਸਾਹਿਬ ਦੇ ਚਮਤਕਾਰ ਮੁਕਾਮੀ ਲੋਕ ਦੱਸਦੇ ਹਨ। ਇਹ ਨਗਰ ਹਨ ਦਰਗਈ ਪਿੰਡ, ਜੋ ਮਾਲਕੰਦ ਦੇ ਪਹਾੜਾਂ ਵਿੱਚ ਹੈ। ਦਰਗਈ ਪਿੰਡ ਤੋਂ 9 ਕਿਲੋਮੀਟਰ ਦੂਰ ਉੱਤਰ ਵੱਲ ਇਕ ਪਿੰਡ ਭੁਨੇਰ ਹੈ ਜੋ ਯਾਕੀ ਦੇ ਪਰਗਣੇ ਵਿਚ ਆਉਂਦਾ ਹੈ। ਅਬਲੀਸ ਜੋ ਕਾਬਲ ਦੇ ਉੱਤਰ ਵੱਲ ਦਾ ਕਿਲੋਮੀਟਰ ਦੂਰ ਹੈ। ਇਸੇ ਤਰ੍ਹਾਂ ਹੋਰ ਵੀ ਪਿੰਡ ਹਨ ਜਿਵੇਂ ਲੁਕਮਾਨ, ਘੜੂਕਾ, ਕੁਰਮ, ਗੋਰੀ, ਬੁਗਲਾਨ ਆਦਿ ਜਿਥੇ ਗੁਰੂ ਸਾਹਿਬ ਕੇ ਅਸਥਾਨ ਚਿੰਨ੍ਹ ਦੱਸੇ ਜਾਂਦੇ ਹਨ।

ਇਨ੍ਹਾਂ ਇਤਿਹਾਸਕ ਅਸਥਾਨਾਂ ਦਾ ਜ਼ਿਕਰ ਗੁਰਦੁਆਰਾ ਦਰਪਣ, ਸ੍ਰੀ ਗੁਰ ਤੀਰਥ ਸੰਗ੍ਰਹਿ, ਰਿਪੁਦਮਨ ਪ੍ਰਕਾਸ਼, ਖੁਰਸ਼ੀਦ ਖਾਲਸਾ, ਸ੍ਰੀ ਗੁਰਦੁਆਰੇ ਦਰਸ਼ਨ, ਤਵਾਰੀਖ ਗੁਰਦੁਆਰਿਆਂ ਗੁਰਸ਼ਬਦ ਰਤਨਾਕਾਰ ਮਹਾਨ ਕੋਸ਼ ਆਦਿ ਪੁਸਤਕਾਂ ਵਿਚ ਸੰਖੇਪ ਤੌਰ ਤੇ ਆਇਆ ਹੈ।

## ਪੁਸਤਕ ਰੀਵਿਊ

**ਪ੍ਰੋ. ਨਵ ਸੰਗੀਤ ਸਿੰਘ :** ਗੁਰੂ ਕਾਸ਼ੀ ਕਾਲਜ, ਤਲਵੰਡੀ ਸਾਬੋ, ਬਠਿੰਡਾ

**ਪੁਸਤਕ ਦਾ ਨਾਂ :** ਧੁਰ ਕੀ ਬਾਣੀ -ਸੰਪਾਦਨ ਜੁਗਤ **ਲੇਖਕ :** ਡਾ. ਸਰਬਜਿੰਦਰ ਸਿੰਘ

**ਪ੍ਰਕਾਸ਼ਕ :** ਸਿੰਘ ਫਾਊਂਡੇਸ਼ਨ, ਲਾਜਪਤ ਨਗਰ, ਨਵੀਂ ਦਿੱਲੀ **ਪੰਨੇ :** 64 **ਮੁੱਲ :** ਅੰਕਿਤ ਨਹੀਂ

ਸਮੀਖਿਆ ਅਧੀਨ ਪੁਸਤਕ ਆਦਿ ਗ੍ਰੰਥ ਦੇ ਚਾਰ ਸੌ ਸਾਲਾ ਪਹਿਲੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਹੈ, ਜਿਸ ਵਿਚ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ-ਕਲਾ ਨੂੰ ਬੜੇ ਹੀ ਸੌਖੇ ਤੇ ਸੰਖੇਪ ਢੰਗ ਨਾਲ ਪ੍ਰਸਤੁਤ ਕੀਤਾ ਗਿਆ ਹੈ।

ਪੁਸਤਕ ਦੇ ਪ੍ਰਾਰੰਭ ਵਿਚ ਐਸਪੇਨੋਲਾ (ਅਮਰੀਕਾ) ਦੀ ਇੰਸਟੀਚਿਊਟ ਆਫ ਪੰਜਾਬੀ ਲੈਂਗੂਏਜ ਐਂਡ ਸਿੱਖ ਸਟਡੀਜ਼ ਦੇ ਡਾਇਰੈਕਟਰ ਡਾ. ਬਲਕਾਰ ਸਿੰਘ ਵਲੋਂ 'ਦੋ ਸ਼ਬਦ' ਅੰਕਿਤ ਹਨ, ਜਿਸ ਵਿਚ ਉਨ੍ਹਾਂ ਨੇ ਪੁਸਤਕ ਆਪਣੇ ਵਿਚਾਰ ਦੱਸੇ ਹਨ: "ਜਿਸ ਸੁਖੈਨ ਤਰੀਕੇ ਨਾਲ ਇਸ ਰਚਨਾ ਵਿਚ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨਾ ਦੇ ਕਾਰਨਾਂ, ਇਸ਼ਦੀ ਪਵਿੱਤਰ ਤਰਤੀਬ ਅਤੇ ਯੋਗਦਾਨੀਆਂ ਬਾਰੇ ਗੱਲ ਕੀਤੀ ਹੈ, ਉਥੇ ਉਹ ਤੱਥ ਵੀ ਸਾਹਮਣੇ ਲਿਆਉਣ ਦੇ ਜਤਨ ਕੀਤੇ ਗਏ ਹਨ, ਜਿਨ੍ਹਾਂ ਉਪਰ ਗੰਭੀਰ ਸੰਵਾਦ ਛੇੜਿਆ ਜਾ ਸਕਦਾ ਹੈ।"

ਪੁਸਤਕ ਨੂੰ ਕੁਝ ਸਿਰਲੇਖਾਂ ਵਿਚ ਵੰਡਿਆ ਗਿਆ ਹੈ, ਜਿਵੇਂ: ਧਰਮ ਗ੍ਰੰਥ, ਵਿਲੱਖਣਤਾ, ਸੰਪਾਦਨਾ ਦੇ ਕਾਰਨ, ਬਾਣੀ ਸੰਪਾਦਨ, ਰਾਗਾਂ ਦੀ ਤਰਤੀਬ, ਕਾਵਿ ਰੂਪਾਂ ਦੀ ਤਰਤੀਬ, ਕੁੱਲ ਬਾਣੀਕਾਰ, ਬਾਣੀਕਾਰਾਂ ਦੀ ਤਰਤੀਬ, ਗੁਰੂ ਸਾਹਿਬਾਨ, ਭਗਤ ਬਾਣੀ, ਭੱਟ ਬਾਣੀ, ਹੋਰ ਬਾਣੀਕਾਰ। ਇਉਂ ਇਸ ਵੰਡ ਦੇ ਭੂਮਿਕਾ ਸਮੇਤ ਕੁੱਲ 14 ਸਿਰਲੇਖ ਹਨ।

ਗੁਰੂ ਗ੍ਰੰਥ ਸਾਹਿਬ ਦੀ ਵਿਲੱਖਣਤਾ ਬਾਕੀ ਧਰਮ ਗ੍ਰੰਥਾਂ (ਬਾਈਬਲ, ਕੁਰਾਨ, ਵੇਦਾਂ ਆਦਿ) ਨਾਲੋਂ ਇਸ ਗੱਲ ਵਿਚ ਹੈ ਕਿ ਇਸ ਵਿਚ ਹਿੰਦੁਸਤਾਨ ਦੇ 500 ਸਾਲਾ ਇਤਿਹਾਸ (ਬਾਰ੍ਹਵੀਂ ਸਦੀ ਤੋਂ ਸਤਾਰ੍ਹਵੀਂ ਸਦੀ ਤੱਕ) ਦੇ ਦੀਦਾਰ ਹੁੰਦੇ ਹਨ। ਬਾਕੀ ਧਰਮ-ਗ੍ਰੰਥਾਂ ਦੇ ਮੁਕਾਬਲੇ ਇਹੋ ਇਕ ਅਜਿਹਾ ਧਰਮ-ਗ੍ਰੰਥ ਹੈ, ਜਿਸਨੂੰ 'ਗੁਰੂ' ਦਾ ਦਰਜਾ ਪ੍ਰਾਪਤ ਹੈ। (ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ)। ਇਸ ਗ੍ਰੰਥ ਵਿਚ ਧਰਮ-ਆਗੂਆਂ/ਪ੍ਰਚਾਰਕਾਂ ਦੀਆਂ ਕਥਾ-ਕਹਾਣੀਆਂ/ਜੀਵਨ-ਘਟਨਾਵਾਂ ਨੂੰ ਬਿਆਨ ਨਹੀਂ ਕੀਤਾ ਗਿਆ, ਸਗੋਂ ਉਨ੍ਹਾਂ ਦੇ ਚਿੰਤਨ/ਰਚਨਾ ਨੂੰ ਹੀ ਕਲਮਬੱਧ ਕੀਤਾ ਗਿਆ ਹੈ। ਇਹ ਇਕ ਅਜਿਹਾ ਧਾਰਮਿਕ ਗ੍ਰੰਥ ਹੈ, ਜਿਸ ਵਿਚ ਮਾਨਵ-ਜੀਵਨ ਦੇ ਹਰ ਪੱਖ ਤੇ ਬਾਰੀਕ ਨਜ਼ਰਸਾਨੀ ਹੋਈ ਹੈ ਅਤੇ ਉਸਦੀ 'ਮੁਕਤੀ' ਦਾ ਮਾਰਗ ਸੁਝਾਇਆ ਗਿਆ ਹੈ।

*ਨਾਨਕ ਸਤਿਗੁਰਿ ਭੇਟਿਐ*
*ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ*
*ਖਾਵੰਦਿਆ ਵਿਚੇ ਹੋਵੈ ਮੁਕਤਿ ॥* ਪੰਨਾ 522

ਇਸ ਪੁਸਤਕ ਦਾ 'ਸੰਪਾਦਨਾ ਦੇ ਕਾਰਣ' ਵਾਲਾ ਹਿੱਸਾ ਕਾਫੀ ਮਹੱਤਵਪੂਰਨ ਹੈ, ਜਿਸ ਵਿਚ ਵਿਦਵਾਨ ਲੇਖਕ ਨੇ ਬਾਈਬਲ, ਕੁਰਾਨ, ਵੇਦ, ਜੈਨ ਗ੍ਰੰਥ ਤੇ ਬੁੱਧ ਗ੍ਰੰਥਾਂ ਆਦਿ ਦੇ ਤੁਲਨਾਤਮਕ ਅਧਿਐਨ ਰਾਹੀਂ ਆਦਿ ਗ੍ਰੰਥ ਦੀ ਸਿਰਜਣਾ ਦੇ ਮਹੱਤਵ ਨੂੰ ਰੇਖਾਂਕਿਤ ਕੀਤਾ ਹੈ। ਕਿਉਂਕਿ ਕਿਸੇ ਵੀ ਧਰਮ-ਗ੍ਰੰਥ ਲਈ ਮੰਨੇ ਗਏ ਜ਼ਰੂਰੀ ਗੁਣ ਇਸ ਵਿਚ ਉਪਲਬਧ ਹਨ।

ਲੇਖਕ ਨੇ ਰਾਗਾਂ ਦੀ ਤਰਤੀਬ (ਸਿਰੀ ਰਾਗੁ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸੁ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ ਨਾਰਾਇਨ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਨ, ਪ੍ਰਭਾਤੀ, ਜੈਜਾਵੰਤੀ) ਦੱਸਦਿਆਂ ਇਨ੍ਹਾਂ ਦੇ ਗਾਇਨ ਸਮੇਂ ਦਾ ਵੀ ਉਲੇਖ ਕੀਤਾ ਹੈ। ਆਦਿ ਗ੍ਰੰਥ ਵਿਚ ਸ਼ਾਮਲ 36 ਬਾਣੀਕਾਰ ਇਸ ਪ੍ਰਕਾਰ ਹਨ : 6 ਗੁਰੂ ਸਾਹਿਬਾਨ (ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ, ਗੁਰੂ ਤੇਗ ਬਹਾਦਰ), 15 ਭਗਤ (ਭਗਤ ਕਬੀਰ, ਨਾਮਦੇਵ, ਰਵਿਦਾਸ, ਰਾਮਾਨੰਦ, ਜੈਦੇਵ, ਤ੍ਰਿਲੋਚਨ, ਧੰਨਾ, ਸੈਣ, ਪੀਪਾ, ਭੀਖਨ, ਸਧਨਾ, ਪਰਮਾਨੰਦ, ਸੂਰਦਾਸ, ਬੇਣੀ, ਫਰੀਦ), 11 ਭੱਟ (ਕਲਸਹਾਰ, ਜਾਲਪ,

ਕੀਰਤ, ਭਿਖਾ, ਸਲ੍ਹ, ਭਲ੍ਹ, ਨਲ੍ਹ, ਗਯੰਦ, ਮਥੁਰਾ, ਬਲ੍ਹ, ਹਰਿਬੰਸ) ਅਤੇ ਚਾਰ ਗੁਰਸਿਖ (ਮਰਦਾਨਾ, ਬਲਵੰਡ, ਸੱਤਾ, ਸੁੰਦਰ) 1 ਸਭ ਤੋਂ ਵਧੀਕ ਬਾਣੀ ਗੁਰੂ ਅਰਜਨ ਦੇਵ ਜੀ ਦੀ ਹੈ, ਜਿਨ੍ਹਾਂ ਨੇ 30 ਰਾਗਾਂ ਵਿਚ 2312 ਸ਼ਬਦ ਲਿਖੇ ਹਨ।

ਆਦਿ ਗ੍ਰੰਥ ਦੇ ਆਰੰਭ ਵਿਚ ਨਿਤਨੇਮ ਦੀਆਂ ਬਾਣੀਆਂ (ਪੰਨਾ 1 ਤੋਂ 13) ਹਨ, ਫਿਰ ਸਮੁੱਚੀ ਰਾਗਬੱਧ ਬਾਣੀ (ਪੰਨਾ 14 ਤੋਂ 1352) ਹੈ ਅਤੇ ਫਿਰ ਸਲੋਕ ਸਹਸਕ੍ਰਿਤੀ, ਸਲੋਕ ਭਗਤ ਕਬੀਰ, ਬਾਬਾ ਫਰੀਦ, ਸਵੱਈਏ, ਭੱਟ ਬਾਣੀ, ਸਲੋਕ ਵਾਰਾਂ ਤੇ ਵਧੀਕ, ਸਲੋਕ ਮਹਲਾ ੯ ਅਤੇ ਮੁੰਦਾਵਣੀ ਮਹਲਾ ੫ (ਪੰਨਾ 1353 ਤੋਂ 1430) ਹਨ। ਅੰਤ ਵਿਚ ਰਾਗਮਾਲਾ ਹੈ।

ਇਸ ਪੁਸਤਕ ਦਾ ਆਕਾਰ ਆਮ ਪੁਸਤਕਾਂ ਨਾਲੋਂ ਭਿੰਨ ਹੈ ਅਤੇ ਇਹ 13×16 ਸੈ. ਮੀ. ਦੇ ਸਾਈਜ਼ ਵਿਚ ਬੜੀ ਸੁਹਜਾਤਮਕ ਅਤੇ ਆਕਰਸ਼ਕ ਵਿਉਂਤ ਬੰਦੀ ਨਾਲ ਵਧੀਆ ਆਰਟ ਪੇਪਰ ਤੇ ਛਪੀ ਹੈ। ਲਗਭਗ ਹਰ ਪੰਨੇ ਤੇ ਤਸਵੀਰਾਂ ਤੇ ਚਿੱਤਰ ਸ਼ਿੰਗਾਰੇ ਹੋਏ ਹਨ, ਜੋ ਪੁਸਤਕ ਦੀ ਦਿਖ ਨੂੰ ਵਧਾਉਣ ਵਿਚ ਸਹਾਈ ਹਨ। ਹਰ ਬਾਣੀਕਾਰ ਬਾਰੇ ਸੰਖਿਪਤ ਜਾਣਕਾਰੀ ਦੇਣ ਦੇ ਨਾਲ-ਨਾਲ ਉਸਦੀ ਰਚਨਾ ਵਿਚੋਂ ਪ੍ਰਤੀਨਿਧ ਪੰਕਤੀਆਂ ਪ੍ਰਸਤੁਤ ਕੀਤੀਆਂ ਗਈਆਂ ਹਨ।

ਪਾਸ਼ਾ ਅਸਟੇਟ, ਪਟਿਆਲਾ ਨੇ ਇਸ ਪੁਸਤਕ ਨੂੰ ਘਰ-ਘਰ ਪਹੁੰਚਾਉਣ ਦਾ ਜੋ ਉਪਰਾਲਾ ਕੀਤਾ ਹੈ, ਉਹ ਵੀ ਕਾਬੀਲੇ ਤਾਰੀਫ ਅਤੇ ਸ਼ੁਭ-ਭਾਵਨਾਵਾਂ ਵਾਲਾ ਹੈ। ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਪੁਸਤਕ ਨਾਲ ਸੰਬੰਧਿਤ ਹਰ ਵਿਅਕਤੀ ਅਤੇ ਸੰਸਥਾ ਵਧਾਈ ਦੀ ਪਾਤਰ ਹੈ। ਸਤਿਗੁਰੂ ਇਨ੍ਹਾਂ ਸਭਨਾਂ ਦੀ 'ਘਾਲ ਥਾਇ' ਪਾਉਣਗੇ, ਅਜਿਹਾ ਮੇਰਾ ਵਿਸ਼ਵਾਸ ਹੈ।

# 'ਐਸੀ ਮਰਨੀ ਜੋ ਮਰੈ' ਭਾਈ ਜੋਗਿੰਦਰ ਸਿੰਘ ਰਿਆੜ ਦੀ ਵਿਲੱਖਣ ਐਲਬਮ

ਹਰਮਿੰਦਰ ਸਿੰਘ ਢਿੱਲੋਂ : ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ

ਕਿਹਾ ਜਾਂਦਾ ਹੈ ਕਿ ਸੰਗੀਤ ਮਨੁੱਖੀ ਜੀਵਨ ਦਾ ਅਮੁੱਲ ਖਜ਼ਾਨਾ ਹੈ ਜੋ ਅਸ਼ਾਂਤ ਅਤੇ ਇਸ ਫਾਨੀ ਸੰਸਾਰ ਵਿਚ ਘਿਰੇ ਮਨੁੱਖ ਨੂੰ ਮਾਨਸਿਕ ਸਕੂਨ ਬਖਸ਼ਦਾ ਹੈ। ਜੇਕਰ ਕਿਧਰੇ ਗੁਰਮਤਿ ਸੰਗੀਤ ਦੀ ਗੱਲ ਚੱਲਦੀ ਹੈ ਤਾਂ ਇਲਾਹੀ ਬਾਣੀ ਦੇ ਸੁਰੀਲੇ ਕੀਰਤਨੀਏ ਅਤੇ ਦਿਨੋ-ਦਿਨ ਸਫਲਤਾ ਦੀਆਂ ਪੌੜੀਆਂ ਚੜ੍ਹ ਰਹੇ ਭਾਈ ਜੋਗਿੰਦਰ ਸਿੰਘ ਰਿਆੜ ਦਾ ਨਾਂ ਸੁਭਾਵਕ ਹੀ ਆਉਂਦਾ ਹੈ। 'ਅਬ ਮੈਂ ਅਪਨੀ ਕਥਾ ਬਖਾਨੋ', 'ਘਰ ਸੁਖ ਵਸਿਆ ਬਾਹਰ ਸੁਖ ਪਾਇਆ', 'ਗੁਰ ਸਿਖਾਂ ਮਨ ਵਧਾਈਆਂ', 'ਨਿਰਮਲ ਰਸਨਾ ਅੰਮ੍ਰਿਤ ਪੀਓ' 'ਘਰ ਬਾਹਰਿ ਤੇਰਾ ਭਰਵਾਸਾ', 'ਮੇਰੀ ਅਬੈ ਬੇਨਤੀ ਸੁਣ ਲੀਜੈ', ਤੇ ਹੁਣ 'ਐਸੀ ਮਰਨੀ ਜੋ ਮਰੈ' ਆਦਿ ਸ਼ਬਦਾਂ ਦੀਆਂ ਕੈਸਟਾਂ ਪੰਜਾਬੀ ਲੋਕ ਗੀਤਾਂ ਵਾਂਗ ਪ੍ਰਸਿੱਧੀ ਹਾਸਲ ਕਰ ਚੁੱਕੀਆਂ ਹਨ। ਇਹ ਵੀ ਪਹਿਲੀ ਵਾਰ ਹੀ ਵੇਖਣ ਵਿਚ ਆਇਆ ਹੈ ਕਿ ਸ਼ੁੱਧ ਸ਼ਬਦਾਂ ਵਾਲੀਆਂ ਕੈਸਟਾਂ ਦੀ ਵਿਕਰੀ ਲੱਖਾਂ ਵਿਚ ਹੋਈ ਹੋਵੇ।

ਮੂਲ ਰੂਪ ਵਿਚ ਪਿੰਡ ਭਰਥ, ਤਹਿਸੀਲ ਬਟਾਲਾ ਜ਼ਿਲਾ ਗੁਰਦਾਸਪੁਰ ਦੇ ਕਿਸਾਨੀ ਕਿੱਤੇ ਨਾਲ ਸਬੰਧਤ ਪਰਿਵਾਰ ਵਿਚ ਪਿਤਾ ਸ੍ਰੀ ਕੁੰਦਨ ਸਿੰਘ ਅਤੇ ਮਾਤਾ ਸੁਰਜੀਤ ਕੌਰ ਦੇ ਗ੍ਰਹਿ ਵਿਖੇ ਜਨਮੇ ਅਤੇ ਆਪਣੇ ਪਰਿਵਾਰ ਵਿਚ ਪਹਿਲੇ ਅੰਮ੍ਰਿਤਧਾਰੀ ਭਾਈ ਰਿਆੜ ਨੇ ਮੁੱਢਲੀ ਪੜ੍ਹਾਈ ਆਪਣੇ ਪਿੰਡ ਅਤੇ ਬਾਅਦ ਵਾਲੀ ਸਿੱਖ ਨੈਸ਼ਨਲ ਕਾਲਜ ਕਾਦੀਆਂ (ਗੁਰਦਾਸਪੁਰ) ਤੋਂ ਮੁਕੰਮਲ ਕੀਤੀ। ਗੁਰਮਤਿ ਵੱਲ ਕਿਵੇਂ ਆਏ? ਸਬੰਧੀ ਪੁੱਛੇ ਜਾਣ 'ਤੇ ਭਾਈ ਰਿਆੜ ਨੇ ਦੱਸਿਆ ਕਿ ਉਨ੍ਹਾਂ ਦੇ ਮਾਮਾ ਸ੍ਰੀ ਖਜ਼ਾਨ ਸਿੰਘ ਪੰਥ ਦੇ ਪ੍ਰਸਿੱਧ ਢਾਡੀਆਂ 'ਚ ਇਕ ਹਨ। ਉਨ੍ਹਾਂ ਦੀ ਦੇਖਾ ਦੇਖੀ ਅਤੇ ਹੋਰ ਰਾਗੀ ਸਿੰਘਾਂ ਦੀ ਗਾਇਨ ਕਲਾ ਤੇ ਸਿੱਖੀ ਸਬੰਧੀ ਪਰਿਵਾਰ ਨੂੰ ਵੇਖਦੇ ਹੀ ਉਨ੍ਹਾਂ ਦੇ ਮਨ ਵਿਚ ਕੀਰਤਨ ਪ੍ਰਤੀ ਚੇਟਕ ਲੱਗੀ। ਜਿਸ ਦੀ ਲਗਨ ਤੇ ਦ੍ਰਿੜ ਇਰਾਦੇ ਦੀ ਬਦੌਲਤ ਸਿੱਖ ਨੈਸ਼ਨਲ ਕਾਲਜ ਵਿਚ ਪੜ੍ਹਾਈ ਸਮੇਂ ਗੁਰਬਾਣੀ ਦੇ ਗਾਇਕੀ ਮੁਕਾਬਲੇ ਵਿਚ ਇਕੋ ਦਿਨ ਚਾਰ ਵਾਰ ਜੇਤੂ ਰਹੇ।

ਇਥੇ ਭਾਈ ਰਿਆੜ ਨੂੰ ਇਹ ਮਾਣ ਹਾਸਲ ਹੈ ਕਿ ਜਿੱਥੇ ਉਨ੍ਹਾਂ ਗੁਰਬਾਣੀ ਖੇਤਰ ਵਿਚ ਖੂਬ ਨਾਮਣਾ ਖੱਟਿਆ ਉਥੇ ਆਪਣੇ ਰਿਆੜਕੀ ਖੇਤਰ ਦੀ ਵੀ ਖੂਬ ਚਰਚਾ ਕਰਵਾਈ ਹੈ। ਕੈਸਟ ਕਲਚਰ ਵਿਚ ਆਪਣੀਆਂ ਪ੍ਰਾਪਤੀਆਂ ਸਬੰਧੀ ਜ਼ਿਕਰ ਕਰਦਿਆਂ ਭਾਈ ਰਿਆੜ ਨੇ ਦੱਸਿਆ ਕਿ ਹੁਣ ਤੱਕ ਉਨ੍ਹਾਂ ਦੀਆਂ ਦਰਜਨ ਦੇ ਕਰੀਬ ਸ਼ਬਦਾਂ ਦੀਆਂ ਕੈਸਟਾਂ ਮਾਰਕੀਟ ਵਿਚ ਆ ਚੁੱਕੀਆਂ ਹਨ। 'ਅਬ ਮੈਂ ਅਪਨੀ ਕਥਾ ਬਖਾਨੋ', 'ਨਿਰਮਲ ਰਸਨਾ ਅੰਮ੍ਰਿਤ ਪੀਓ', 'ਘਰ ਸੁਖ ਵਸਿਆ ਬਾਹਰ ਸੁਖ ਪਾਇਆ', 'ਗੁਰਸਿਖਾਂ ਮਨ ਵਧਾਈਆਂ', 'ਘਰ ਬਾਹਿਰ ਤੇਰਾ ਭਰਵਾਸਾ' ਤੇ 'ਮੇਰੀ ਅਬੈ ਬੇਨਤੀ ਸੁਣ ਲੀਜੈ' ਭਾਈ ਰਿਆੜ ਦੀਆਂ ਸਫਲ ਤੇ ਚਰਚਿਤ ਐਲਬਮਾਂ ਹਨ।

ਫਿਲਮੀ ਤਰਜ਼ਾਂ ਉਪਰ ਸ਼ਬਦ ਗਾਇਨ ਕਰਨ ਵਾਲੇ ਕੀਰਤਨੀਆਂ ਪ੍ਰਤੀ ਆਪਣਾ ਨਜ਼ਰੀਆ ਪੇਸ਼ ਕਰਦੇ ਹੋਏ ਭਾਈ ਰਿਆੜ ਨੇ ਕਿਹਾ ਕਿ ਗੁਰਬਾਣੀ ਤਾਂ ਰਾਗਾਂ ਵਿਚ ਹੀ ਗਾਈ ਜਾਣੀ ਚਾਹੀਦੀ ਹੈ। ਪਰ ਸਮੇਂ ਦੀ ਮੰਗ ਅਨੁਸਾਰ ਗੁਰਬਾਣੀ ਸ਼ਬਦਾਂ ਦੀਆਂ ਧੁਨਾਂ ਵਧੀਆ ਤੇ ਸ਼ਬਦ ਉਚਾਰਨ ਸ਼ੁੱਧ ਹੋਣਾ ਚਾਹੀਦਾ ਹੈ। ਗੁਰਬਾਣੀ ਨੂੰ ਫਿਲਮੀ ਤਰਜ਼ਾਂ ਜਾਂ ਪਾਪੂਲਰ ਹੋ ਰਹੇ ਪੰਜਾਬੀ ਲੋਕ ਗੀਤਾਂ ਦੀ ਤਰਜ਼ 'ਤੇ ਗਾਉਣਾ ਬਿਲਕੁਲ ਉਚਿਤ ਨਹੀਂ ਹੈ। ਉਨ੍ਹਾਂ ਕਿਹਾ ਕਿ ਵੈਸੇ ਵੀ ਗੁਰਬਾਣੀ ਸਮੇਂ ਵਜਾਏ ਗਏ ਰਵਾਇਤੀ ਸਾਜ਼ਾਂ ਦਾ ਮੁਕਾਬਲਾ ਆਧੁਨਿਕ ਸਾਜ਼ ਨਹੀਂ ਕਰ ਸਕਦੇ। ਰਾਗਾਂ ਸਬੰਧੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਸੰਗਤ ਅਤੇ ਮਾਹੌਲ ਨੂੰ ਮੁੱਖ ਰੱਖ ਕੇ ਅਲਾਪਣਾ ਚਾਹੀਦਾ ਹੈ। ਇਹ ਵੀ ਹਮੇਸ਼ਾ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ ਕਿ ਰਾਗ ਉੱਪਰ ਸੰਗੀਤ ਕਦੇ ਵੀ ਭਾਰੂ ਨਾ ਹੋਵੇ।

ਭਾਰਤ ਵਾਂਗ ਵਿਦੇਸ਼ੀ ਸੰਗਤਾਂ ਦੇ ਪਿਆਰ ਸਦਕਾ ਭਾਈ ਰਿਆੜ ਹੁਣ ਤੱਕ ਕਨੇਡਾ, ਜਰਮਨ, ਹਾਲੈਂਡ, ਬੈਲਜ਼ੀਅਮ, ਇਟਲੀ, ਫਰਾਂਸ ਤੇ ਦੁਬਈ ਆਦਿ ਦੇਸ਼ਾਂ ਦਾ ਸਫਲ ਟੂਰ ਲਗਾ ਕੇ ਗੁਰਬਾਣੀ ਦੇ ਸੁਰੀਲੇ ਸ਼ਬਦਾਂ ਦੇ ਗਾਇਨ ਦੁਆਰਾ ਉਥੋਂ ਦੀਆਂ ਸਿੱਖ ਸੰਗਤਾਂ ਨੂੰ ਨਿਹਾਲ ਕਰ ਚੁੱਕੇ ਹਨ। ਭਾਈ ਜੋਗਿੰਦਰ ਸਿੰਘ ਰਿਆੜ ਹੁਣ ਸ਼ਬਦਾਂ ਦੀ ਨਵੀਂ ਐਲਬਮ 'ਐਸੀ ਮਰਨੀ ਜੋ ਮਰੈ' ਦੀ ਜ਼ਬਰਦਸਤ ਕਾਮਯਾਬੀ ਕਰਕੇ ਇਕ ਵਾਰ ਫਿਰ ਚਰਚਾ

ਦਾ ਵਿਸ਼ਾ ਬਣ ਚੁੱਕੇ ਹਨ। ਛੋਟੇ ਸਾਹਿਬਜ਼ਾਦਿਆਂ ਦੇ ਤਿੰਨ ਸੌ ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ ਭਾਈ ਰਿਆੜ ਦੀ ਇਹ ਐਲਬਮ ਆਡੀਓ-ਵੀਡੀਓ ਸੰਗੀਤ ਜਗਤ ਵਿਚ ਖੂਬ ਨਾਮਣਾ ਖੱਟ ਚੁੱਕੀ ਹੈ। ਲੁਧਿਆਣਾ ਦੀ 'ਚੁਆਇਸ ਸੇਲਜ਼' ਦੀ ਗੁਰਬਾਣੀ ਵਾਲੀਆਂ ਐਲਬਮਾਂ ਰਿਲੀਜ਼ ਕਰਨ ਵਾਲੀ ਸ਼ਾਖਾ ਅੰਮ੍ਰਿਤ ਸਾਗਰ ਵੱਲੋਂ ਖੂਬ ਚੈਨਲ ਪਬਲੀਸਿਟੀ ਨਾਲ ਰਿਲੀਜ਼ ਕੀਤਾ ਗਿਆ ਹੈ। ਇਸ ਐਲਬਮ ਦੀ ਵਿਕਰੀ ਤੋਂ ਖੁਸ਼ ਹੁੰਦਿਆਂ 'ਚੁਆਇਸ' ਅਤੇ ਅੰਮ੍ਰਿਤ ਸਾਗਰ ਦੇ ਨਿਰਮਾਤਾ ਬਲਵੀਰ ਸਿੰਘ ਭਾਟੀਆ ਨੇ ਕਿਹਾ ਕਿ ਇਸ ਐਲਬਮ ਨੇ ਆਪਣੇ ਰਿਲੀਜ਼ ਤੋਂ ਪੰਦਰਾਂ ਦਿਨਾਂ ਬਾਅਦ ਹੀ ਧਾਰਮਿਕ ਐਲਬਮਾਂ ਵਿਚ ਵਿਕਰੀ ਦੇ ਸਭ ਰਿਕਾਰਡ ਤੋੜ ਦਿੱਤੇ ਹਨ। ਇਸ ਐਲਬਮ ਸਬੰਧੀ ਗੱਲ ਕਰਦਿਆਂ ਭਾਈ ਰਿਆੜ ਨੇ ਕਿਹਾ ਕਿ ਅੱਜ ਦੇ ਪਦਾਰਥਵਾਦੀ ਯੁੱਗ ਵਿਚ ਯੁਵਾ ਪੀੜ੍ਹੀ ਨੂੰ ਸਿਰਫ ਅਜਿਹੀਆਂ ਐਲਬਮਾਂ ਰਾਹੀਂ ਹੀ ਗੁਰਬਾਣੀ ਨਾਲ ਜੋੜਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਹ ਐਲਬਮ 'ਐਸੀ ਮਰਨੀ ਜੋ ਮਰੈ' ਦਾ ਟਾਈਟਲ ਟੀ.ਵੀ. ਚੈਨਲਾਂ ਤੋਂ ਲਗਾਤਾਰ ਟੈਲੀਕਾਸਟ ਹੋਣ ਕਰਕੇ ਖੂਬ ਪ੍ਰਸਿੱਧੀ ਹਾਸਲ ਕਰ ਚੁੱਕਾ ਹੈ, ਜਦੋਂ ਕਿ ਐਲਬਮ ਦੇ ਬਾਕੀ ਸ਼ਬਦਾਂ ਵਿਚ 'ਸਿਰ ਧਰਿ ਤਲੀ ਗਲੀ ਮੋਰੀ ਆਓ' 'ਜੈਕਾਰ ਕੀਓ ਧਰਮੀਆਂ', 'ਡਗ ਮਗ ਛਾਡਿਰੇ ਮਨ ਬਉਰਾ', 'ਜੈ ਤੇਗੰ ਜੈ ਤੇਗੰ', 'ਸੂਰਾ ਸੋ ਪਹਿਚਾਨੀਐ' ਤੇ 'ਗੁਰੂ ਗੋਬਿੰਦ ਸੂਰਾ' ਆਦਿ ਇਲਾਹੀ ਬਾਣੀ ਦਾ ਸਮੁੱਚਾ ਜ਼ਿਕਰ ਕਰਦੇ ਹਨ। ਇਸ ਐਲਬਮ ਦਾ ਵੀਡੀਓ ਫਿਲਮਾਂਕਣ 'ਬਲਿਊ ਟਮਾਟੋ' ਦੇ ਉਘੇ ਨਿਰਦੇਸ਼ਕ ਅਮਰਜੋਤ ਭਸੀਨ ਦੀ ਅਗਵਾਈ ਹੇਠ ਸਿੱਖ ਇਤਿਹਾਸ ਨਾਲ ਸਬੰਧਤ ਵੱਖ ਵੱਖ ਗੁਰਦੁਆਰਿਆਂ ਵਿਖੇ ਮੁਕੰਮਲ ਕੀਤਾ ਗਿਆ। ਭਾਈ ਰਿਆੜ ਨੇ ਕਿਹਾ ਕਿ ਇਹ ਐਲਬਮ 'ਐਸੀ ਮਰਨੀ ਜੋ ਮਰੈ' ਇਲਾਹੀ ਬਾਣੀ ਵਿਚ ਵਿਲੱਖਣ ਕਲਾਕ੍ਰਿਤ ਹੈ, ਇਸ ਦਾ ਅੰਦਾਜ਼ਾ ਇਸ ਐਲਬਮ ਵਿਚਲੇ ਸ਼ਬਦਾਂ ਨੂੰ ਸੁਣ ਕੇ ਲਗਾਇਆ ਜਾ ਸਕਦਾ ਹੈ।

# ਰਾਗ ਵਿਵਰਨ

ਪ੍ਰੋ. ਕਰਤਾਰ ਸਿੰਘ : ਪੁਸਤਕ 'ਗੁਰਮਤਿ ਸੰਗੀਤ ਦਰਪਣ' 'ਚੋਂ ਧੰਨਵਾਦ ਸਹਿਤ

## ਸਿਰੀ ਰਾਗ

ਸਿਰੀ ਰਾਗੁ ਬਾਰੇ ਕੁਝ ਸੰਗੀਤ ਗ੍ਰੰਥਾਂ ਵਿਚ ਇਸ ਪ੍ਰਕਾਰ ਵਰਨਣ ਮਿਲਦਾ ਹੈ। ਸੰਗੀਤ ਵਿਦਵਾਨ ਪੰਡਿਤ ਅੱਪਾ ਤੁਲਸੀ ਦੁਆਰਾ ਰਚਿਤ ਸੰਸਕ੍ਰਿਤ ਗ੍ਰੰਥ 'ਰਾਗ ਕਲਪਦੁਰਮਾਂਕੁਰੇ' ਪੰਨਾ ੧੪ ਅਨੁਸਾਰ ਸ੍ਰੀ ਰਾਗ ਵਿਚ ਰੁ ਤੇ ਧੁ ਕੋਮਲ ਅਤੇ ਗ, ਮं ਤੇ ਨ ਤੀਵਰ ਸਵਰ ਹਨ। ਰੁ ਵਾਦੀ ਤੇ ਪ ਸੰਵਾਦੀ ਹੈ। ਜਿਸਦੇ ਆਰੋਹ ਵਿਚ ਧੁ ਤੇ ਗ ਵਰਜਿਤ ਹਨ, ਅਵਰੋਹ ਵਿਚ ਸੱਤੇ ਸੁਰ ਲੱਗਦੇ ਹਨ ਅਤੇ ਜੋ ਦਿਨ ਦੇ ਅੰਤ ਵਿਚ ਭਾਵ ਸੰਧਿਆ ਵੇਲੇ ਗਾਇਆ ਜਾਂਦਾ ਹੈ। ਇਨ੍ਹਾਂ ਦੇ ਹੀ ਰਚਿਤ 'ਰਾਗ ਚੰਦ੍ਰਿਕਾ' ਪੰਨਾ ੭ ਤੇ 'ਰਾਗ ਚੰਦ੍ਰਿਕਾ ਸਾਰ' ਪੰਨਾ ੧੦ ਅਨੁਸਾਰ ਰਾਗ ਦਾ ਇਹੀ ਸਰੂਪ ਹੈ। ਪੰਡਿਤ ਭਾਤਖੰਡੇ ਦੇ ਰਚਿਤ ਗ੍ਰੰਥ 'ਅਭਿਨਵ ਰਾਗ-ਮੰਜਰੀ' ਪੰਨਾ ੨੧ ਅਨੁਸਾਰ ਰੁ, ਸ, ਮं ਪ, ਧੁ ਪ, ਨ, ਸਂ, ਨ, ਧੁ ਪ, ਮं ਗ, ਰੁ ਸ, ਇਸ ਤਰ੍ਹਾਂ ਸ੍ਰੀ ਰਾਗ ਹੁੰਦਾ ਹੈ। ਇਸ ਦੇ ਆਰੋਹ ਵਿਚ ਧੁ ਤੇ ਗ ਵਰਜਿਤ ਹਨ ਤੇ ਇਸ ਵਿਚ ਰੁ ਵਾਦੀ ਸੁਰ ਹੈ। ਮੱਧ ਕਾਲ ਦੇ ਗ੍ਰੰਥਕਾਰਾਂ ਵਿਚੋਂ ਪੁੰਡਰੀਕ ਵਿਠੁਲ ਨੇ ਆਪਣੇ ਗ੍ਰੰਥਾਂ 'ਚੰਦ੍ਰੋਦਯ', ਅਤੇ 'ਰਾਗ-ਮੰਜਰੀ', ਸ੍ਰੀਕੰਠ ਨੇ ਰਸ-ਕੌਮੁਦੀ, ਰਾਮਾ-ਮਾਤਯ ਨੇ 'ਸਵਰਮੇਲਕਲਾਨਿਧੀ', ਪੰਡਿਤ ਸੋਮ ਨਾਥ ਨੇ 'ਰਾਗ ਵਿਬੋਧ', ਵਿਅੰਕੁਟਮੁਖੀ ਨੇ 'ਚਤਰਦੰਡਪ੍ਰਕਾਸ਼ਿਕਾ' ਵਿਚ ਸ੍ਰੀ ਰਾਗ ਮੇਲ ਤੋਂ ਸ੍ਰੀ ਨੂੰ ਜਨਯ ਰਾਗ, ਵਿਠੁਲ ਨੇਂ 'ਰਾਗ ਮਾਲਾ', ਤੁਲਾਜੀਰਾਵ ਭੌਂਸਲੇ ਨੇ 'ਸੰਗੀਤ ਸਾਰਾਮ੍ਰਿਤ' ਤੇ ਮੁਹੰਮਦ ਰਜ਼ਾ ਨੇ 'ਨਗ਼ਮਾਤੇ ਆਸਫੀ' ਵਿਚ ਸ੍ਰੀ ਨੂੰ ਮੇਲ, ਤੇ ਭਾਵਭੱਟ ਨੇ 'ਅਨੂਪ ਬਿਲਾਸ' ਵਿਚ ਇਕ ਰਾਗ ਮੰਨਿਆ ਹੈ।

ਸਿਰੀ ਰਾਗ ਇਕ ਪੁਰਾਤਨ ਰਾਗ ਹੈ। ਮੱਧਕਾਲ ਵਿਚ ਪ੍ਰਚੱਲਿਤ ਰਾਗ-ਰਾਗਨੀ ਵਰਗੀਕਰਣ ਅਨੁਸਾਰ ਚਾਰ ਮੁੱਖ ਮੱਤਾਂ, ਸ਼ਿਵ ਮੱਤ (ਸੋਮੇਸ਼ਵਰ ਮੱਤ), ਭਰਤ ਮੱਤ, ਕਾਲੀਨਾਥ ਮੱਤ ਤੇ ਹਨੁਮਾਨ ਮੱਤ ਇਹਨਾਂ ਸਾਰਿਆਂ ਨੇ ਹੀ ਸ੍ਰੀ ਰਾਗ ਨੂੰ ਪੁਰਸ਼ ਰਾਗ ਮੰਨਿਆ ਹੈ। ਮੱਧਕਾਲ ਵਿਚ ਸ਼ੁੱਧ ਸਵਰ ਸਪਤਕ ਵਿਚ ਗੰਧਾਰ ਤੇ ਨਿਸ਼ਾਦ ਕੋਮਲ ਦਾ ਪ੍ਰਯੋਗ ਹੁੰਦਾ ਸੀ ਜੋ ਅੱਜ ਦੇ ਕਾਫੀ ਥਾਟ ਦੇ ਸਮਾਨ ਹੈ ਤੇ ਸ੍ਰੀ ਰਾਗ ਵੀ ਕਾਫੀ ਥਾਟ ਦੇ ਸਵਰਾਂ ਤੇ ਹੀ ਗਾਇਆ ਜਾਂਦਾ ਸੀ। ਅੱਜ ਵੀ ਦੱਖਣੀ ਸੰਗੀਤ ਪ੍ਰਣਾਲੀ ਵਿਚ ਸ੍ਰੀ ਰਾਗ ਦਾ ਇਹੀ ਸਰੂਪ ਸਾਡੇ ਕਾਫੀ ਥਾਟ ਵਾਲਾ ਹੀ ਪ੍ਰਚੱਲਿਤ ਹੈ ਪਰ ਉਹ ਇਸ ਥਾਟ ਨੂੰ 'ਖਰਹਰ ਪ੍ਰਿਆ' ਦਾ ਨਾਮ ਦਿੰਦੇ ਹਨ। ਭਾਤਖੰਡੇ ਜੀ ਨੇ ਵਿਅੰਕਟਮੁਖੀ ਦੇ ਗ੍ਰੰਥ 'ਚਤੁਰਦੰਡਪ੍ਰਕਾਸ਼ਿਕਾ' ਦੇ ਕੁੱਲ ੭੨ ਥਾਟਾਂ ਵਿਚੋਂ ਜੋ ਦਸ ਥਾਟ ਉੱਤਰੀ ਸੰਗੀਤ ਲਈ ਚੁਣੇ, ਉਹਨਾਂ ਵਿਚੋਂ ਇਕ ਥਾਟ ਸ੍ਰੀ ਰਾਗ ਹੈ ਜੋ ਉੱਤਰੀ ਸੰਗੀਤ ਦਾ ਕਾਫੀ ਥਾਟ ਹੈ। ਭਾਤਖੰਡੇ "ਸੰਗੀਤ ਸ਼ਾਸਤਰ ਭਾਗ ਤੀਜਾ" ਪੰਨਾ ੪੪ ਤੇ ਕਰਤਾ ਨੇ ਦੱਖਣੀ ਪੱਧਤੀ ਵਿਚ ਸ੍ਰੀ ਰਾਗ ਦਾ ਆਰੋਹ-ਅਵਰੋਹ ਇਸ ਪ੍ਰਕਾਰ ਦਿੱਤਾ ਹੈ। ਸ ਰ ਮ ਪ ਨੁ ਸਂ, ਸਂ ਨੁ ਪ ਧ ਨੁ ਪ, ਮ ਰ ਗੁ ਰ ਸ। ਪਰ ਉੱਤਰੀ ਸੰਗੀਤ ਵਿਚ ਲਗਭਗ ਦੋ ਢਾਈ ਸਦੀਆਂ ਤੋਂ ਸ੍ਰੀ ਰਾਗ ਦਾ ਪ੍ਰਚੱਲਿਤ ਸਰੂਪ ਪੂਰਵੀ ਥਾਟ ਵਾਲਾ ਹੀ ਹੈ। 'ਰਾਗ ਵਿਯਾਕਰਨ' ਦੇ ਕਰਤਾ ਸ੍ਰੀ ਵਿਮਲਾਕਾਂਤ ਰਾਏ ਚੌਧਰੀ ਤੇ ਤਕਰੀਬਨ ਹੋਰ ਸਾਰੇ ਹੀ ਗ੍ਰੰਥਕਾਰ ਇਸ ਸਰੂਪ ਨਾਲ ਸਹਿਮਤ ਹਨ।

ਪ੍ਰਚਲਿਤ ਪੂਰਵੀ ਥਾਟ ਤੋਂ ਉਤਪੰਨ ਸ੍ਰੀ ਰਾਗ ਦੇ ਵਾਦੀ ਸੰਵਾਦੀ ਬਾਰੇ ਦੋ ਵੱਖ ਵੱਖ ਮੱਤ ਹਨ। ਕੁਝ ਵਿਦਵਾਨ ਰਿਸ਼ਭ ਵਾਦੀ ਤੇ ਪੰਚਮ ਸੰਵਾਦੀ ਮੰਨਦੇ ਹਨ, ਜਦੋਂ ਕਿ ਦੂਸਰੇ ਪੰਚਮ ਵਾਦੀ ਤੇ ਰਿਸ਼ਭ ਸੰਵਾਦੀ ਮੰਨਦੇ ਹਨ। ਵੈਸੇ ਤਾਂ ਵਾਦੀ-ਸੰਵਾਦੀ ਸਵਰਾਂ ਦਾ ਅੰਤਰ ਸ਼ੜਜ-ਪੰਚਮ ਜਾਂ ਸ਼ੜਜ-ਮਧਿਅਮ ਭਾਵ ਦਾ ਨਿਯਮ ਸਵੀਕਾਰ ਕੀਤਾ ਗਿਆ ਹੈ ਜਿਸ ਤੇ ਇਹ ਦੋਵੇਂ ਮੱਤ ਹੀ ਪੂਰੇ ਨਹੀਂ ਉਤਰਦੇ, ਪਰ ਰਿਸ਼ਭ ਨੂੰ ਵਾਦੀ ਤੇ ਪੰਚਮ ਨੂੰ ਸੰਵਾਦੀ ਮੰਨਣਾ ਹੀ ਜ਼ਿਆਦਾ ਠੀਕ ਬਣ ਜਾਂਦਾ ਹੈ ਤੇ ਇਹੀ ਮੱਤ ਜ਼ਿਆਦਾ ਪ੍ਰਚਲਿਤ ਹੈ। ਇਹ ਰਾਗ ਵੈਸੇ ਵੀ ਸ਼ਾਮ ਦੇ ਸੰਧੀ ਪ੍ਰਕਾਸ਼ ਰਾਗਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ ਤੇ ਸੂਰਜ ਛਿਪਣ ਸਮੇਂ ਗਾਇਆ ਜਾਂਦਾ ਹੈ। ਸੋ ਐਸੇ ਰਾਗਾਂ ਦਾ ਵੀ ਸ਼ਾਸਤਰ ਅਨੁਸਾਰ ਵਾਦੀ ਸਵਰ ਸਪਤਕ ਦੇ ਪੂਰਵਾਂਗ ਵਿਚ ਹੀ ਹੋਣਾ ਠੀਕ ਹੈ। ਵੈਸੇ ਵੀ ਇਸ ਰਾਗ ਵਿਚ ਰਿਸ਼ਭ ਸਵਰ ਦਾ ਲਗਾਵ ਏਨਾ ਪ੍ਰਬਲ ਹੈ ਕਿ ਪੂਰਵਾਂਗ ਵਿਚ ਰਿਸ਼ਭ ਤੇ ਨਿਆਸ ਕਰਨਾ ਜ਼ਰੂਰੀ ਬਣ ਜਾਂਦਾ ਹੈ। ਸ੍ਰੀ ਰਾਗ ਪੂਰਵੀ ਥਾਟ ਦੇ ਹੋਰ ਕਈ ਰਾਗਾਂ ਜਿਵੇਂ ਪੂਰੀਆਂ

ਧਨਾਸਰੀ, ਬਸੰਤ, ਪਰਜ, ਜੈਤਸਰੀ, ਟੰਕੀ, ਤ੍ਰਿਵੇਣੀ ਆਦਿ ਦੇ ਨੇੜੇ ਹੈ। ਰਾਗ ਬਸੰਤ ਤੇ ਪਰਜ ਵਿਚ ਆਰੋਹ ਵਿਚ ਰਿਸ਼ਭ ਤੇ ਪੰਚਮ ਵਰਜਿਤ ਹਨ ਇਸ ਲਈ ਉਹਨਾਂ ਦਾ ਚਲਨ ਵੱਖਰਾ ਹੋ ਜਾਂਦਾ ਹੈ। ਜੈਤਸਰੀ ਵਿਚ ਨ ਸ ਗ ਮੰ ਪ, ਪੂਰੀਆਂ ਧਨਾਸਰੀ ਵਿਚ ਨ ਰੁ ਗ, ਮੰ ਪ, ਰਾਗ ਟੰਕੀ ਵਿਚ ਗ ਰੁ ਸ ਗ ਪ ਤੇ ਪੂਰਵੀ ਵਿਚ ਸ, ਰੁ ਗ, ਮੰ ਪ, ਤ੍ਰਿਵੇਣੀ ਰਾਗ ਵਿਚ ਰੁਸ, ਗਪਗਰੁ, ਸ ਦਾ ਪ੍ਰਯੋਗ ਹੈ। ਸੋ ਸ੍ਰੀ ਰਾਗ ਦਾ ਪੂਰਵਾਂਗ ਦੇ ਆਰੋਹ ਵਿਚ ਹੀ ਦੂਜੇ ਰਾਗਾਂ ਤੋਂ ਆਪਣਾ ਇਕ ਵੱਖਰਾ ਸਰੂਪ ਬਣ ਜਾਂਦਾ ਹੈ। ਇਸ ਰਾਗ ਦਾ ਆਪਣਾ ਇਕ ਨਿਵੇਕਲਾ ਹੀ ਚਲਣ ਹੈ, ਵਿਸ਼ੇਸ਼ ਕਰਕੇ ਸ੍ਰੀ ਰਾਗ ਦੇ ਪੂਰਵਾਂਗ ਵਿਚ, ਆਰੋਹ ਵਿਚ ਸ ਰੁ ਰੁ ਪ ਜਾਂ ਸ ਰੁ ਮੰ ਪ ਦੇ ਚਲਨ ਨਾਲ ਇਹ ਦੂਜੇ ਰਾਗਾਂ ਤੋਂ ਵੱਖ ਹੋ ਜਾਂਦਾ ਹੈ। ਉਤਰਾਂਗ ਵਿਚ ਆਰੋਹ ਵਿਚ ਮੰ ਪ ਨ ਸਂ ਸ੍ਰੀ ਤੇ ਜੈਤਸਰੀ ਦੋਹਾਂ ਰਾਗਾਂ ਵਿਚ ਲਿਆ ਜਾਂਦਾ ਹੈ ਪਰ ਸ੍ਰੀ ਰਾਗ ਵਿਚ ਮੰ ਪ ਨ ਸਂ ਰੁਂ ਦਾ ਜ਼ਿਆਦਾ ਪ੍ਰਯੋਗ ਹੈ ਤੇ ਜੈਤਸਰੀ ਵਿਚ ਮੰ ਪ ਨ ਸਂ ਜਾਂ ਪ ਧੁ ਪ ਸਂ ਦਾ ਪ੍ਰਯੋਗ ਹੈ। ਸੋ ਇਸ ਪ੍ਰਯੋਗ ਨਾਲ ਸ੍ਰੀ ਤੇ ਜੈਤਸਰੀ ਵੱਖ ਹੋ ਜਾਂਦੇ ਹਨ। ਪਰਜ ਵਿਚ ਮੰ ਧੁ ਨ ਸਂ ਬਸੰਤ ਵਿਚ ਮੰ ਸ ਧੁ ਰੁਂ ਸਂ ਪੂਰੀਆਂ ਧਨਾਸਰੀ ਵਿਚ ਧੁ ਪ, ਨ ਸਂ ਹੈ ਤੇ ਪੂਰਵੀ ਵਿਚ ਮੰਪ ਧੁ, ਨ ਸਂ ਦਾ ਪ੍ਰਯੋਗ ਹੁੰਦਾ ਹੈ। ਸੋ ਸਿਰੀ ਰਾਗ ਦਾ ਆਰੋਹ ਵਿਚ ਹੀ ਇਹਨਾਂ ਸਾਰੇ ਰਾਗਾਂ ਤੋਂ ਆਪਣਾ ਇਕ ਵੱਖਰਾ ਚਲਨ ਹੈ ਜੋ ਦੂਜੇ ਸਮ -ਪ੍ਰਕ੍ਰਿਤਕ ਰਾਗਾਂ ਤੋਂ ਇਸ ਨੂੰ ਅੱਡ ਕਰ ਦਿੰਦਾ ਹੈ। ਅਵਰੋਹ ਵਿਚ ਵਿਸ਼ੇਸ਼ ਕਰਕੇ ਰੁਂS ਸਂ ਨ ਧੁ ਪ, ਧੁ ਮੰ ਗ ਰੁ, ਪ ਰੁ, ਸ ਸਵਰਾਂ ਦਾ ਪ੍ਰਯੋਗ ਤੇ ਧੁ ਧੁ ਪ, ਰੁ ਰੁ ਸ ਸਵਰ ਸੰਗਤੀਆਂ ਨਾਲ ਸਿਰੀ ਰਾਗ ਦੀ ਇਕ ਆਪਣੀ ਵੱਖਰੀ ਛਬੀ ਦਿਸ ਆਉਂਦੀ ਹੈ। ਪ ਮੰ ਗ ਰੁ ਗ ਰੁ, ਸ ਤੇ ਪ ਰੁ, ਮੀਂਡ ਦੁਆਰਾ ਲੈਣ ਨਾਲ ਰਾਗ ਦਾ ਆਪਣਾ ਸਰੂਪ ਜਾਗਦਾ ਹੈ। ਸਿਰੀ ਰਾਗ ਇਕ ਮੀਂਡ ਪ੍ਰਧਾਨ ਤੇ ਮਧੁਰ ਰਾਗ ਹੈ। ਸ਼ਾਂਤ ਤੇ ਗੰਭੀਰ ਪ੍ਰਕ੍ਰਿਤੀ ਦਾ ਰਾਗ ਹੈ ਤੇ ਭਗਤੀ ਭਾਵ ਦੀਆਂ ਬੰਦਸ਼ਾਂ ਲਈ ਬਹੁਤ ਅਨੁਕੂਲ ਹੈ। ਇਸ ਰਾਗ ਦਾ ਚਲਨ ਜ਼ਿਆਦਾ ਕਰਕੇ ਮੱਧ ਤੇ ਮੰਦਰ ਸਪਤਕ ਵਿਚ ਰਹਿੰਦਾ ਹੈ। ਸ਼ਾਸਤਰੀ ਸੰਗੀਤ ਦੀ ਤਕਰੀਬਨ ਹਰ ਪ੍ਰਚਲਿਤ ਸ਼ੈਲੀ ਦੀਆਂ ਬੰਦਸ਼ਾਂ ਇਸ ਰਾਗ ਵਿਚ ਗਾਈਆਂ ਵਜਾਈਆਂ ਜਾਂਦੀਆਂ ਹਨ। ਇਸ ਰਾਗ ਦਾ ਗਾਇਨ ਕਰਨਾ ਕਠਨ ਹੈ। ਚੜ੍ਹਤ ਸਮੇਂ ਤਾਂ ਰਾਗ ਦਾ ਸਰੂਪ ਬਣਿਆ ਰਹਿੰਦਾ ਹੈ ਪਰ ਤਾਨਾਂ ਵਿਚ ਰਾਗ ਦਾ ਸਹੀ ਸਰੂਪ ਬਣਾਈ ਰੱਖਣਾ ਬਹੁਤ ਮੁਸ਼ਕਲ ਪੈਂਦਾ ਹੈ। ਚੰਗੇ ਗਾਇਕ ਹੀ ਠੀਕ ਢੰਗ ਨਾਲ ਗਾਇਨ ਕਰ ਸਕਦੇ ਹਨ। ਆਰੋਹ ਵਿਚ ਰਿਸ਼ਭ ਤੋਂ ਮਧਿਅਮ ਜਾਂ ਰਿਸ਼ਭ ਤੋਂ ਪੰਚਮ ਦਾ ਲਗਾਵ ਕਾਫੀ ਕਠਨ ਹੋ ਜਾਂਦਾ ਹੈ। ਰੁ ਮੰ ਪ ਨ ਸਂ ਰੁਂ ਨੂੰ ਸਪਾਟ ਤਾਨ ਵਿਚ ਲੈਣਾ ਵੀ ਬਹੁਤ ਰਿਆਜ਼ ਨਾਲ ਹੀ ਗਲੇ ਵਿਚ ਬੈਠ ਸਕਦਾ ਹੈ। ਅਵਰੋਹ ਵਿਚ ਭਾਵੇਂ ਪ ਮੰ ਗ ਰੁ ਸਵਰ ਲਏ ਜਾਂਦੇ ਹਨ ਪਰ ਪ ਰੁ ਮੀਂਡ ਦੁਆਰਾ ਲੈਣ ਨਾਲ ਰਾਗ ਦਾ ਆਪਣਾ ਸਰੂਪ ਜਾਗਦਾ ਹੈ।

ਗੁਰਮਤਿ ਸੰਗੀਤ ਦੇ ਖੋਜੀਆਂ ਵਿਚੋਂ ਸ੍ਰੀਮਾਨ ਭਾਈ ਸਾਹਿਬ ਡਾਕਟਰ ਵੀਰ ਸਿੰਘ ਦੇ 'ਗੁਰਮਤਿ ਸੰਗੀਤ ਪਰ ਹੁਣ ਤੀਕ ਮਿਲੀ ਖੋਜ' ਪੰਨਾ ੨੩ ਅਨੁਸਾਰ ਸਿਰੀ ਰਾਗੁ ਗੁਰਮਤਿ ਸੰਗੀਤ ਵਿਚ ਖਾਲਸ 'ਸ਼ੁੱਧ' ਰਾਗ ਮੰਨਿਆ ਹੈ। ਭਾਵੇਂ ਇਹ ਰਾਗਮਾਲਾ ਦੇ ਕ੍ਰਮ ਨਾਲ ਪੰਜਵਾਂ ਰਾਗ ਲਿਖਿਆ ਹੈ ਪਰੰਤੂ ਇਸ ਰਾਗ ਦੀ ਆਦਿ ਕਾਲ ਵਿਚ ਆਦਿ ਉਤਪਤੀ ਸੰਗੀਤ ਮੰਨਦਾ ਹੈ। ਕਈ ਮਹਾਤਮਾ ਇਹ ਵੀ ਕਹਿੰਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ਾਂਤਿ ਰਸ ਦਾ ਰਾਗ ਆਦਿ ਕਾਲ ਸੰਗੀਤ ਦੇ ਆਰੰਭ ਵੇਲੇ ਵੇਈਂ ਨਦੀ ਦੇ ਕਿਨਾਰੇ ਉਦਿਆਨ ਵਿਚ ਬੈਠ ਕੇ (੧੫੬੦ ਬਿ: ਵਿਚ) ਇਸ ਰਾਗ ਤੋਂ 'ਮੋਤੀ ਤ ਮੰਦਰ' ਤੋਂ ਮਰਦਾਨੇ ਰਾਹੀਂ ਆਰੰਭਿਆ। ਇਸੇ ਲਈ ਪੰਚਮ ਪਾਤਸ਼ਾਹ ਜੀ ਨੇ ਵੀ ਇਸ ਰਾਗ ਨੂੰ ਜੇਠਾ, ਮੋਹਰੀ, ਮੁੱਖ ਜਾਣ ਕੇ ਆਦਿ ਵਿਚ ਹੀ ਜਗਹ ਬਖਸ਼ੀ। ਇਸ ਤੋਂ ਵੀ ਪਿੱਛੇ ਤੁਰੀਏ ਤਾਂ ਨਾਨਕ ਪ੍ਰਕਾਸ਼ ਤੇ ਬਾਲੇ ਵਾਲੀ ਸਾਖੀ ਵਿਚ ਗੁਰੂ ਜੀ ਨੇ ਪਾਂਧੇ ਪ੍ਰਤੀ ਜੋ ਆਦਿ ਉਪਦੇਸ਼ ਕੀਤਾ 'ਜਾਲਿ ਮੋਹੁ ਘਸਿ ਮਸੁ ਕਰਿ' ਸੋ ਭੀ ਸਿਰੀ ਰਾਗੁ ਵਿੱਚ ਕੀਤਾ। ਭਾਈ ਮਨੀ ਸਿੰਘ ਜੀ ਦੀ ਸਾਖੀ ਵਿਚ ਲਿਖਿਆ ਹੈ ਕਿ ਬ੍ਰਿਜ ਨਾਥ ਪੰਡਿਤ ਪ੍ਰਤੀ ਇਹ ਸ਼ਬਦ ਸਿਰੀ ਰਾਗੁ ਵਿਚ ਪਹਿਲਾ ਉਪਦੇਸ਼ ਹੋਇਆ। ਪੁਰਾਤਨ ਸਾਖੀ ਵਿਚ ਗੁਰੂ ਜੀ ਦੀ ਲਿਖੀ ਪੱਟੀ ਦੇ ਉਪਰੰਤ ਪਾਂਧੇ ਪ੍ਰਤੀ ਉਪਦੇਸ਼ ਰੂਪ ਬਾਣੀ ਇਹੋ ਸ਼ਬਦ ਸਿਰੀ ਰਾਗੁ ਵਿਚ ਹੋਇਆ। ਸੋ ਇਕ ਇਹ ਪਹਿਲਾ ਮੋਹਰੀ ਰਾਗ ਅਤੇ ਦੂਜਾ ਪਹਿਲਾ ਭੈਰਉ ਰਾਗ ਇਹ ਦੋਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਰਵਾਨ ਰੱਖੇ ਹਨ। ਹੋਰਨਾਂ ਮੱਤਾਂ ਵਿਚ ਸ਼ਿਵ ਅਤੇ ਕਾਲੀਨਾਥ ਮੱਤ ਵਿਚ ਸਿਰੀ ਰਾਗ ਪਹਿਲਾ ਹੈ ਅਤੇ ਭਰਤ ਤੇ ਹਨੂਮਾਨ ਮੱਤ ਵਿਚ ਭੈਰਉ ਪਹਿਲਾ ਹੈ। ਸ੍ਰੀ ਮਾਨ ਡਾਕਟਰ ਚਰਨ ਸਿੰਘ ਜੀ ਦੀ 'ਗੁਰਮਤਿ ਸੰਗੀਤ ਪਰ ਹੁਣ ਤੀਕ ਮਿਲੀ ਖੋਜ' ਪੰਨਾ ੧੮ ਅਨੁਸਾਰ ਸਿਰੀ ਰਾਗ ਨੂੰ ਜੇਠ, ਹਾੜ ਤੇ ਮਾਘ, ਫੱਗਣ ਦੇ ਮਹੀਨੇ ਤਪੱਸਵੀ ਲੋਕ ਬਨਾਂ ਵਿਚ ਗਾਉਂਦੇ

ਹਨ। ਵਡਹੰਸ, ਟੰਕ ਗਉੜੀ ਇਹ ਤਿੰਨੇ ਮਿਲਨ ਤਾਂ ਸਿਰੀ ਰਾਗ ਹੁੰਦਾ ਹੈ। 'ਸੁਰ ਤਾਲ ਸਮੂਹ' ਵਿਚ ਲਿਖਿਆ ਹੈ ਅੰਸ਼, ਗ੍ਰਿਹ, ਨਯਾਸ ਇਸ ਦਾ ਖਰਜ ਹੈ, ਸੰਧਿਆ ਵੇਲੇ ਘੜੀ ਕੁ ਦਿਨ ਰਹਿੰਦੇ ਇਸ ਨੂੰ ਗਾਵੀਂਦਾ ਹੈ। ਇਹ ਰਾਗ ਤਨਕ, ਗਉਰੀ ਤੇ ਵਡਹੰਸ ਮਿਲ ਕੇ ਸਿਰੀ ਰਾਗ ਹੁੰਦਾ ਹੈ ਅਤੇ ਕਈ ਮੱਤ ਵਾਲੇ ਸੰਕਰਾ ਵਰਨ, ਮਾਲਸਿਰੀ ਮਿਲ ਕੇ ਬਣਿਆ ਮੰਨਦੇ ਹਨ, ਪਰੰਤੂ ਗੁਰਮਤਿ ਸੰਗੀਤ ਵਿਚ ਹੋਰਨਾਂ ਰਾਗਾਂ ਵਿਚੋਂ ਸਿਰੀ ਰਾਗੁ ਸ਼ੁੱਧ ਰਾਗ ਹੈ। ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਅਨੁਸਾਰ ਸਿਰੀ ਰਾਗੁ ਪੂਰਬੀ ਥਾਟ ਦਾ ਆੜਵ-ਸੰਪੂਰਨ ਜਾਤੀ ਦਾ ਰਾਗ ਹੈ। ਆਰੋਹ ਵਿਚ ਗੰਧਾਰ ਤੇ ਧੈਵਤ ਵਰਜਿਤ ਹਨ। ਰਿਸ਼ਭ ਵਾਦੀ, ਪੰਚਮ ਸੰਵਾਦੀ ਹੈ। ਰਿਸ਼ਭ ਧੈਵਤ ਕੋਮਲ, ਮਧਿਅਮ ਤੀਵਰ ਹੋਰ ਸਵਰ ਸ਼ੁੱਧ ਹਨ। ਗਾਉਣ ਦਾ ਸਮਾਂ ਲੌਢਾ ਵੇਲਾ ਹੈ। ਡਾ. ਜੀ. ਐਸ. ਮਾਨਸੁਖਾਨੀ ਨੇ 'ਇੰਡੀਅਨ ਕਲਾਸੀਕਲ ਮਿਊਜ਼ਕ ਐਂਡ ਸਿਖ ਕੀਰਤਨ' ਵਿਚ ਸਿਰੀ ਰਾਗੁ ਦਾ ਪੂਰਵੀ ਥਾਟ ਦਾ ਇਹੀ ਪ੍ਰਚਲਿਤ ਸਰੂਪ ਮੰਨਿਆ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਿਤ "ਦਾ ਐਨਸਾਈਕਲੋਪੀਡੀਆ ਆਫ਼ ਸਿੱਖਇਜ਼ਮ ਵੋ. ੨ ਪੰਨਾ ੧੭੦ ਅਨੁਸਾਰ ਸ੍ਰੀ ਰਾਗੁ ਦਾ ਸਰੂਪ ਪ੍ਰਚਲਿਤ ਪੂਰਵੀ ਥਾਟ ਵਾਲਾ ਹੀ ਹੈ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿਚੋਂ 'ਪ੍ਰਾਚੀਨ ਰੀਤ ਰਤਨਾਵਲੀ' ਦੇ ਕਰਤਾ ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ ਨੇ ਸ੍ਰੀ ਰਾਗੁ ਦੇ ਪੂਰਵੀ ਥਾਟ ਤੇ ਕਾਫ਼ੀ ਦੇ ਦੋ ਵੱਖ ਵੱਖ ਸਰੂਪ ਤੇ ਬੰਦਸ਼ਾਂ ਵੀ ਦਿੱਤੀਆਂ ਹਨ। ਸੰਤ ਸਰਵਣ ਸਿੰਘ ਗੰਧਰਵ ਨੇ 'ਸੁਰ ਸਿਮਰਨ ਸੰਗੀਤ' ਭਾਗ-੩ ਵਿਚ ਪੂਰਵੀ ਥਾਟ ਤੇ ਭਾਗ-੬ ਵਿਚ ਕਾਫ਼ੀ ਥਾਟ ਦਾ ਸਰੂਪ ਤੇ ਬੰਦਸ਼ਾਂ ਦਿੱਤੀਆਂ ਹਨ। ਇਹਨਾਂ ਦੋਹਾਂ ਹੀ ਗ੍ਰੰਥਾਂ ਵਿਚ ਦਿੱਤੇ ਕਾਫ਼ੀ ਥਾਟ ਦੇ ਸਰੂਪ ਤਕਰੀਬਨ ਇੱਕੋ ਜਿਹੇ ਹੀ ਹਨ। ਇਸ ਵਿਚ ਦੋਵੇਂ ਨਿਸ਼ਾਦ, ਗੰਧਾਰ ਕੋਮਲ ਹੋਰ ਸਵਰ ਸ਼ੁੱਧ ਹਨ। ਆਰੋਹ ਵਿਚ ਗੰਧਾਰ ਤੇ ਧੈਵਤ ਵਰਜਿਤ ਹੋਣ ਕਾਰਨ ਜਾਤੀ ਔੜਵ-ਸੰਪੂਰਨ ਹੈ। ਵਾਦੀ ਰਿਸ਼ਭ ਸੰਵਾਦੀ ਪੰਚਮ ਹੈ ਤੇ ਸਮਾਂ ਰਾਤ ਦਾ ਪਹਿਲਾ ਪਹਿਰ ਹੈ। ਆਰੋਹ -ਸ ਰ ਮ ਪ ਨ ਸਂ ਅਵਰੋਹ -ਸਂ ਨ ਧ ਪ ਮ ਗੁ ਰ ਸ। ਡਾਕਟਰ ਗੁਰਨਾਮ ਸਿੰਘ ਨੇ ਆਪਣੀ ਪੁਸਤਕ 'ਆਦਿ ਗ੍ਰੰਥ ਰਾਗ-ਕੋਸ਼' ਵਿਚ ਸਿਰੀ ਰਾਗੁ ਦਾ ਇੱਕ ਕਾਫ਼ੀ ਥਾਟ ਦਾ, ਦੂਜਾ ਪੂਰਵੀ ਥਾਟ ਵਾਲਾ ਪ੍ਰਚਲਿਤ ਸਰੂਪ ਹੀ ਦਿੱਤਾ ਹੈ। 'ਗੁਰਬਾਣੀ ਸੰਗੀਤ' ਦੇ ਕਰਤਾ ਸਰਦਾਰ ਗਿਆਨ ਸਿੰਘ ਐਬਟਾਬਾਦ, 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗੁ ਰਤਨਾਵਲੀ' ਦੇ ਕਰਤਾ ਪ੍ਰੋਫੈਸਰ ਤਾਰਾ ਸਿੰਘ, 'ਗੁਰਮਤਿ ਸੰਗੀਤ ਸਾਗਰ' ਦੇ ਕਰਤਾ ਪ੍ਰਿੰਸੀਪਲ ਦਿਆਲ ਸਿੰਘ ਤੇ 'ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ' ਜਵੱਦੀ ਟਕਸਾਲ ਇਹਨਾਂ ਸਭ ਨੇ ਪੂਰਵੀ ਥਾਟ ਵਾਲਾ ਹੀ ਸਰੂਪ ਦਿੱਤਾ ਹੈ। ਸੋ ਪ੍ਰਮਾਣਿਕ ਤੱਥਾਂ ਦੇ ਅਧਾਰ ਤੇ ਮੈਂ ਸਿਰੀ ਰਾਗੁ ਦੇ ਇਸ ਪਰੰਪਰਾਗਤ ਸਰੂਪ ਨੂੰ ਨਿਸ਼ਚਿਤ ਰੂਪ ਵਿਚ ਪ੍ਰਵਾਣਿਤ ਮੰਨਦਾ ਹਾਂ, ਇਥੇ ਇਹੀ ਸਰੂਪ ਦਿੱਤਾ ਜਾ ਰਿਹਾ ਹੈ।

ਸ਼ਬਦ ਤਰਤੀਬ :-

"ਰਾਗਾ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ" (ਮ:੩, ੮੩ ਪੰ)

"ਰਾਗਨ ਮੈਂ ਸਿਰੀ ਰਾਗੁ ਪਾਰਸ ਪਖਾਨ ਹੈ" (ਕ: ੩੭੬ ਭਾਈ ਗੁਰਦਾਸ ਜੀ)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਾਗੁ ਤਰਤੀਬ ਵਿਚ ਸਿਰੀ ਰਾਗੁ ਨੂੰ ਪ੍ਰਥਮ ਅਸਥਾਨ ਦਿੱਤਾ ਗਿਆ ਹੈ। ਇਹ ਬਾਣੀ ੧੪ ਤੋਂ ੯੩ ਪੰਨਾ ਤੱਕ ਹੈ। ਸ਼ਬਦ ਤਰਤੀਬ ਵਿਚ ਮ:੧ ਦੇ ੫੩, ਮ:੩ ਦੇ ੩੯, ਮ:੪ ਦੇ ੬ ਤੇ ਮ:੫ ਦੇ ੩੯ ਕੁੱਲ ੧੩੭ ਸ਼ਬਦ ਹਨ। ਸਿਰੀ ਰਾਗੁ ਕੀ ਵਾਰ ਮਹਲਾ ੪ ਜੋ ੮੩ ਤੋਂ ੯੧ ਪੰਨਾ ਤੱਕ ਹੈ ਇਸ ਦੀਆਂ ੨੧ ਪਉੜੀਆਂ ਹਨ। ਪਉੜੀ ਨੰ. ੧੪ ਨਾਲ ੩ ਸਲੋਕ ਤੇ ਹੋਰ ਹਰੇਕ ਪਉੜੀ ਨਾਲ ਦੋ ਦੋ ਸਲੋਕ, ਕੁੱਲ ੪੩ ਸਲੋਕ ਹਨ। ਇਨ੍ਹਾਂ ਵਿਚ ਮਹਲਾ ੧ ਦੇ ੭, ਮ:੨ ਦੇ ੨, ਮ:੩ ਦੇ ੩੩, ਮ:੫ ਦਾ ੧ ਸਲੋਕ ਹੈ। ਭਗਤ ਬਾਣੀ ਦੀ ਰਚਨਾ ੯੧ ਤੋਂ ੯੩ ਪੰਨਾ ਤੱਕ ਹੈ ਜਿਸ ਵਿਚ ਭਗਤ ਕਬੀਰ ਜੀ ਦੇ ੨, ਭਗਤ ਤ੍ਰਿਲੋਚਨ, ਭਗਤ ਬੇਣੀ ਤੇ ਭਗਤ ਰਵਿਦਾਸ ਜੀ ਦਾ ਇਕ-ਇਕ ਸ਼ਬਦ, ਕੁੱਲ ਪੰਜ ਸ਼ਬਦ ਅੰਕਿਤ ਹਨ।

ਪਰੀਚੈ :-

ਰਾਗੁ- ਸਿਰੀ ਰਾਗੁ=ਥਾਟ- ਪੂਰਵੀ ਸਵਰ-ਰਿਸ਼ਭ

ਵਰਜਿਤ ਸਵਰ - ਆਰੋਹ ਵਿਚ ਗੰਧਾਰ ਤੇ ਧੈਵਤ

ਵਾਦੀ- ਰਿਸ਼ਭ = ਸੰਵਾਦੀ -ਪੰਚਮ

ਆਰੋਹ - ਸ ਰੁ, ਮੰ ਪ, ਨ ਸਂ

ਅਵਰੋਹ - ਸਂ ਨ ਧੁ ਪ, ਮੰ ਗ ਰੁ, ਸ।

ਮੁੱਖ ਅੰਗ (ਪਕੜ) : ਸ, ਰੁ ਰੁ, ਪ, ਮੰ ਗ ਰੁ, ਗ ਰੁ, ਰੁ ਸ।

ਧੈਵਤ ਕੋਮਲ, ਮਧਿਅਮ ਤੀਵਰ ਹੋਰ ਸਭ ਸ਼ੁੱਧ

ਜਾਤੀ -ਔੜਵ-ਸੰਪੂਰਨ

ਸਮਾਂ -ਸ਼ਾਮ ਦਾ ਸੰਧੀ ਪ੍ਰਕਾਸ਼।

ਸਵਰ–ਵਿਸਥਾਰ (ਅਲਾਪ) :-

ਸ, ਰੁ ਰੁ ਸ, ਰੁ ਗ ਰੁ ਰੁ ਸ, ਨ਼ ਸ ਨ਼ ਧ਼ੁ ਪ਼, ਮ਼ੰ ਪ਼, ਧ਼ੁ ਪ਼, ਮ਼ੰ ਪ਼ ਨ਼ ਨ਼ ਸ, ਰੁ ਰੁ ਸ, ਰੁ ਗ ਰੁ, ਮੰ ਗ ਰੁ, ਰੁ ਸ, ਰੁ ਰੁ ਮੰ ਪ, ਰੁ ਪ ਮੰ ਪ, ਮੰ ਪ ਧੁ ਪ, ਧੁ ਮੰ ਗ ਰੁ, ਪ ਰੁ, ਰੁ ਗ ਰੁ, ਸ ਰੁ ਰੁ ਸ ਨ਼ ਸ ਰੁ, ਸ।

ਸ ਰੁ ਰੁ, ਗ ਰੁ, ਮੰ ਗ ਰੁ, ਰੁ ਪ, ਰੁ ਮੰ ਪ, ਪ ਧੁ ਪ, ਧੁ ਧੁ ਪ, ਪ ਧੁ ਮੰ ਪ, ਧੁ ਮੰ ਗ ਰੁ, ਰੁ ਮੰ ਪ, ਪ ਧੁ ਮੰ ਗ ਰੁ, ਰੁ ਮੰ ਪ, ਧੁ ਮੰ ਪ, ਮੰ ਪ ਨ ਨ ਧੁ ਪ, ਮੰ ਪ ਨ ਸੰ ਨ ਧੁ ਪ, ਪ ਧੁ ਮੰ ਪ, ਮੰ ਪ ਨ ਸੰ ਨ ਧੁ ਪ, ਪ ਨ ਸੰ, ਨ ਧੁ ਪ, ਧੁ ਮੰ ਪ, ਧੁ ਮੰ ਗ ਰੁ, ਪ ਮੰ ਗ ਰੁ, ਰੁ ਗ ਰੁ, ਸ।

ਪ ਮੰ ਪ, ਨ ਧੁ ਪ, ਮੰ ਪ ਨ ਸੰ, ਪ ਨ ਸੰ ਰੁੰ ਰੁੰ ਸੰ, ਰੁੰ ਗੰ ਰੁੰ ਸੰ, ਪ ਨ ਸੰ ਰੁੰ ਰੁੰ ਸੰ, ਸੰ ਰੁੰ ਰੁੰ ਗੰ ਰੁੰ, ਮੰ ਗੰ ਰੁੰ, ਰੁੰ ਪੰ, ਮੰ ਗੰ ਰੁੰ, ਰੁੰ ਸੰ, ਨ ਸੰ, ਰੁੰ ਨ ਧੁ ਪ, ਮੰ ਪ ਨ ਸੰ, ਨ ਧੁ ਪ, ਧੁ ਧੁ ਪ, ਧੁ ਮੰ, ਧੁ ਮ ਗ ਰੁ, ਰੁ ਗ ਰੁ, ਰੁ ਸ।

## THE SIKH KIRTAN

Bhai Ardaman Singh : Courtesy 'Thoughts of Bhai Ardaman Singh'

With the dawn of the sixteenth century AD, when Guru Nanak launched his "Operation Salvage" and started his mission, he chose music and poetry as the most effective and efficient vehicle for communicating the *Shabd* and his experience. *Shabd* is the *bani* and thus the Guru. It conveys wisdom and projects the mysteries of reality. It is not always possible for words and language to rightly convey the wisdom and spiritual experiences and rapturous thoughts which are sometimes so mystical and ecstatic.

In Hindu mythology, Saraswati is said to have created music, when she could not satisfactorily communicate her spiritual experience and knowledge through words then she had to subscribe to the use of Sound Absolute *(Nad Brahm),* for this was the only most proficient form of communication left to her. Herein she conveys "experience", pure as experience, without translating it into language. The limitation of words and language was thus surpassed. But this, however, had its own limitations. Experience communicated as nascent experience without words cannot be effective in the plane of reason. Since Sikhism depends and operates in the plane of reason, resorting to the absolute form of communication, however noble, would not have fitted into the dynamic concept of emancipation through knowledge. The tenth Satguru said:

Take the broom of Divine knowledge into thy hands, and sweep away timidity.

*ਗਿਆਨਹਿ ਕੀ ਬਢਨੀ ਮਨੁ ਹਾਥ ਲੈ*
*ਕਾਇਰਤਾ ਕੁਤਵਾਰ ਬੁਹਾਰੈ॥*

In Sikhism, this obstacle is overcome when we have the *Shabd* in the form of *kirtan* - words, *shabd,* set to music and rhythm, utilising the experience communicating quality of singing, objectified emotional character of *Rag,* the infinite concept of *Tal* (ਤਾਲ) and the purposeful, meaningful, rationalisable and commonly understandable character of *bani* (ਬਾਣੀ) in the form of *Shabd.* Verse and music when brought together create a beauty and sweetness and generate a wave that bypasses the critical and calculative checkbarrier of the brain and intellect and reaches the mind direct and lifts it to ecstasies and raptures and fills it with profound devotion and love, and brings it into direct contact with the Lord of the Universe.

The power that music and poetry generate cuts both ways. It is like a double-edged sword, the *khanda.* It can lead to the very presence of the Lord and bestow Eternal Bliss. And it can also lead to depravity, baseness levity,

immorality, and to hell and eternal ruin. That is why Emperor Aurangzeb outlawed music in his Indian Empire as a forbidden tool in Islamic worship. It is said that as a protest to this ban, the musicians of Delhi took out an effigy of music to be buried and marched in a procession through the streets of the capital and in the vicinity of the Emperor's residence in the Red Fort. When the Emperor heard their wails and bemoaning, he enquired what it was about. On being informed that the musicians, including the Royal *Kalakars,* were taking out 'music' in a coffin, to be buried, he retorted "tell them to bury it deep enough so that it may not rise again." But it depends on what the music is intended to convey. By the injuction that *Gurbani* be sung to music, this danger was warded off by the Satguru. Thus, this mighty power was tamed and diverted to a Divine purpose for the uplift and emancipation of mankind.

The Sikh *kirtan,* therefore, means singing the praises of the Lord. The conception of God and its interpretation differ according to different religions and schools of thought. In Sikh parlance the Lord, God, is Timeless and Formless, Supreme Being, the Eternal Ultimate Truth, that is both Absolute and Immanent. And the Guru is the Enlightener, the Instructor, who shows us the way and puts us in direct contact with the Supreme Being. So amongst the Sikhs praises of the Lord are sung only in the *bani,* the *Shabd,* the Word, revealed to us by the Satguru. The Sikh Scripture imparts to us, besides spiritual enlightenment, guidance as to how this human span of life has to be fruitfully and successfully lived that it may be approved here and hereafter. The compositions of other men of God incorporated in the Holy Granth are also included in the *bani.* The injunction is :

O beloved disciples of the Satguru come and sing the True Word:

*ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ,*
*ਗਾਵਹੁ ਸਚੀ ਬਾਣੀ॥*

Yes, sing the *bani* of the Guru which is the most sublime of all;

*ਬਾਣੀ ਤ ਗਾਵਹੁ ਗੁਰੂ ਕੇਰੀ*
*ਬਾਣੀਆ ਸਿਰਿ ਬਾਣੀ॥*

because

Without the *bani* of the Satguru, all others are imperfect;

*ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥*

Yes, the other *bani* is imperfect, which is not of the True Guru;

*ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥*

Imperfect are those who utter, imperfect are those who listen, and also those who recite the other *bani.*

*ਕਹਿਦੇ ਕਚੇ, ਸੁਣਦੇ ਕਚੇ, ਕਚੀ ਆਖਿ ਵਖਾਣੀ॥*

This stress became necessary because as early as in the period of the second and third Nanaks, *Gurbani* began to be tampered with and adulterated. Steps, therefore, had to be taken to preserve its purity and sanctity. And there has been very strict observance of these steps. Along with the *bani* in Guru Granth Sahib, however, the compositions

of Bhai Gurdas and Bhai Nand Lal have been approved by convention and permitted for inclusion in our *kirtan*. Bhai Gurdas was a contemporary of the fifth and sixth Satgurus and Bhai Nand Lal of the tenth Master.

Sikh worship is not passive adoration. It is masculine subscription of a ਪੁਰਖ, a man, towards his Lord whom he holds in high esteem. It is the devotion of a liberated man who stands erect. His songs, thus, are not lyrical to appeal to the sensual only. His songs are no doubt sweet for they portray love. But the essence is spiritual love, pure love, his songs have longing (ਬਿਰਹਾ) in the sense of classical music and not the bemoanings of modern light entertainment.

Good music, even without words, must have a thought content (howsoever inexpressible in words). Only then can it ennoble the spirit, tranquillize and purgate the self in Aristotalian sense. It is, therefore, essential that the composition of the song must be capable of evolving or at least communicating, chaste sensibilities. The sensibility of the composition (ਬੰਦਸ਼) and the style of singing, therefore, must be complementary to the intent (ਭਾਵ) of the words of the *bani* (ਬਾਣੀ).

The Sikh *kirtan* not only takes this aspect of art into consideration but also goes one step further. It combines *tal* (ਤਾਲ), *lae* (ਲੈਅ), poetic meter and even the structure of poetry with the structure of classical Indian music.

The *lae* (ਲੈਅ) is defined on the *Shabds*. The *Shabd* construction and the metre of the poetry is so set up that the pattern of *lae* (ਲੈਅ) does not break the sentence. It accentuates it.

The *ghar* (ਘਰ) concept goes one step further. The poetic focal point of the stanza can occur after one or more sentences. The *ghar* concept illustrates the *avartis* (ਆਵਰਤੀ) or the number of rhythmic cycles after which the *sam* (ਸਮ) or the focal point of the rhythm pattern should be highlighted.

Going one step further is the *rahao* (ਰਹਾਉ) in the *Shabds*. The aesthetes in Indian musicology, structure a composition as consisting of *asthai* (ਅਸਥਾਈ), *antra* (ਅੰਤਰਾ), *sanchari* (ਸੰਚਾਰੀ) and *abhog* (ਆਭੋਗ), interpreted as thesis, anti-thesis, synthesis and limitation of the *ambit* of the *Rag*. This very definition lifts the art of Indian music on to the plane of the sublime. Like all great arts it becomes the evolution of the paradox. The *bani* (ਬਾਣੀ) of the Sikhs too is sublime. So the initiators of the *kirtan* concept, structured their poetry and their singing so that it could fit onto this pattern and be doubly effective.

In *kirtan* it is the sentence before the pause (ਰਹਾਉ) which is always sung as the *asthai* (ਅਸਥਾਈ). It is also a known fact that this sentence (ਤੁਕ) always has the burden of the thought content of the *Shabd*. Also, the sentence after the pause (ਰਹਾਉ) elaborates, explains and puts forth the other side of the thought. Thus, the whole concept is an integrated approach.

*Kirtan* envelops the personality on the sensual plane with melody, on the intellectual plane with the homely rationale of the *bani* (ਬਾਣੀ), and on the emotional plane with the nobility of the Indian classical music.

This worship is, thus, to the total involvement of the human psyche. It is similar to experiencing His Creation on all planes (ਅਖੀ ਕੁਦਰਤ, ਕੰਨੀ ਬਾਣੀ). The experience of His presence thus becomes total.

Thus, when *Shabds* (ਸ਼ਬਦ) are sung to purely sensual, erotic type of tunes, not only the aesthetics but the very purpose, sanctity and the sacrament of worship is violated in a most destructive way.

The Sikh *kirtan* is distinct and different from other devotional songs, *bhajans, qawalis,* and *nats* as well as from *Shastri Sangeet.* It has a tradition and structure, a background and image of its own. It has its own uniqueness and speciality. It is devotional as well as classical music. It has brought together *dhrupad (ਧਰੁਪਦ), partal* (ਪੜਤਾਲ), and *khayal* (ਖਿਆਲ) with *ritis* and various *dhunis* (ਧੁਨੀ) of *vars* (ਵਾਰ) (the Greek odes) and some folklores like *pade* (ਪਦੇ), *alahniyan* (ਅਲਾਹਣੀਆਂ), *ghorian* (ਘੋੜੀਆਂ), *rahoe* (ਰਹੋਇ), *birhare* (ਬਿਰਹੜੇ), *mangal* (ਮੰਗਲ) and *Lavan* (ਲਾਵਾਂ), after recasting them into proper *Rags* and giving them a classical tinge. It is primarily *kirtan* wherein *Shabd* and their pronunciation and meaning, got predominance over other things. *Tan, palta, murki,* etc., are all brought in but as decoration, not clouding the real intent which is the *Shabd.* They form an essential part of Sikh *kirtan.* But they are meant to beautify and sweeten the *Rag* and the singing of the *Shabd* and not to subdue the Word. The Sikh *kirtan* has to be a judicious combination of all of them, with one end grounded on earth and the other soaring high up to heaven and infinity. It is the spiritual aspect which is glorified so that the mind gets attuned with the Will of the Master and reaches a state of peace and bliss.

This special type of music was introduced by Sri Guru Nanak Dev with the dawn of the sixteenth century. It developed and progressed and was taken to soaring heights during the two hundred years of the sixteenth and seventeenth centuries under the personal care, and patronage of the Satguru's nine successors. Bhai Mardana, Satta, and Balwand, were its well-known exponents from the first to the fifth Satguru, and had the unique honour of having their compositions included in the Scripture, Sri Guru Granth Sahib.

***Continued***

# ਸੁਰ ਲਿਪੀ

ਹਰਿਭਜਨ ਸਿੰਘ : 1246/22ਬੀ, ਚੰਡੀਗੜ੍ਹ

*ਰਾਗੁ ਬਸੰਤ*

**ਅਰੋਹ:** ਸ ਗ ਮ ਧ ਨੀ ਸਂ। **ਅਵਰੋਹ:** ਸਂ ਨੀ ਧ ਪ ਮ, ਗ ਰ ਸ।

**ਜਾਤੀ:** ਔਡਵ ਸੰਪੂਰਣ, ਅਰੋਹ ਵਿਚ 'ਰ' ਅਤੇ 'ਪ' ਵਰਜਿਤ

**ਥਾਟ:** ਬਿਲਾਵਲੁ ਸਾਰੇ ਸ਼ੁਧ ਸਵਰ **ਸਮਾਂ:** ਦਿਨ ਦਾ ਦੂਜਾ ਪਹਿਰ (ਬਸੰਤ ਰੁਤ ਵਿਚ ਕਿਸੇ ਸਮੇਂ ਵੀ ਗਾਇਆ ਵਜਾਇਆ ਜਾ ਸਕਦਾ ਹੈ) **ਵਾਦੀ:** 'ਸਂ' **ਸੰਵਾਦੀ:** 'ਮ'

**ਮੁਖ ਅੰਗ:** ਗ ਮ ਧ ਨੀ ਸਂ, ਸਂ ਨੀ ਧ ਪ ਮ, ਗ, ਰ ਸ।

**ਸੁਰ ਵਿਸਥਾਰ:** ਸ, ਗ ਮ, ਪ ਮ, ਧ ਪ ਮ, ਗ ਰ ਸ।
ਸ, ਗ ਮ, ਧ ਪ ਮ, ਗ ਮ ਧ, ਨੀ ਧ ਪ ਮ, ਗ ਰ ਸ।
ਗ ਮ ਧ ਨੀ ਸਂ ਧ ਨੀ ਸਂ, ਸਂ ਰਂ, ਸਂ, ਨੀ ਧ, ਨੀ ਸਂ, ਸਂਗਂ ਮਂ
ਗਂ ਰਂ ਸਂ ਧ ਨੀ ਸਂ, ਨੀ ਧ ਪ ਮ, ਗ ਰ ਸ।

**ਦਾਦਰਾ ਤਾਲ**

| 1 | 2 | 3 | 4 | 5 | 6 | 1 | 2 | 3 | 4 | 5 | 6 |
|---|---|---|---|---|---|---|---|---|---|---|---|
| x | | | 0 | | | x | | | 0 | | |
| **ਸਥਾਈ** | | | | | | | | | | | |
| ਮ | – | ਮਗ | ਮ | – | – | ਗ | – | ਗਮ | ਰ | ਸ | – |
| ਬਾ | ऽ | ऽਵ | ਲੀ | ऽ | ऽ | ਬਾ | ऽ | ऽਵ | ਲੀ | ऽ | ऽਤੂ |
| ਧ | – | ਧਸਂ | ਧਪ | – | – | ਗ | – | ਪਮ | ਮ | – | – |
| ਕਾ | ऽ | ਇऽ | ਗੁਰ | ਬਹਿ | ऽ | ਬਾ | ऽ | ऽਵ | ਲੀ | ऽ | ऽ |
| ਨ | – | – | ਧ | – | – | ਪ | – | – | ਮ | – | –ਸ |
| ਜੈ | ਸੇ | ऽ | ਭਾ | ਦਉ | ऽ | ਖੂੰ | ऽ | ऽਬ | ਗ | ऽ | ਜਤੂ |
| ਮ | ਮ | ਮਗ | ਮ | – | – | ਗ | – | ਗਮ | ਰ | ਸ | – |
| ਤਿਸ | ਤੇ | ऽ | ਖਰੀ | ऽ | ऽਉ | ਤਾ | ऽ | ऽਵ | ਲੀ | ऽ | ऽ |
| **ਅੰਤਰਾ** | | | | | | | | | | | |
| ਮ | – | – | ਧ | – | – | ਨ | – | – | ਸਂ | – | – |
| ਤੁਝ | ਹਿ | ਸੁ | ਝੰ | ਤਾ | ऽ | ਕ | ਛੂ | | ਨਾ | ਹਿ | ਪਹਿ |
| ਨ | – | – | ਧ | – | – | ਪ | – | – | ਮ | – | – |
| ਗ | ਵਾ | ऽ | ਦੇ | ਖੇ | ऽ | ਊ | ऽ | ਭਿ | ਜਾ | ਹਿ | ऽ |
| ਗਂ | ਗਂ | ਗਂ | ਰਂ | ਸਂ | – | ਨ | ਧ | ਰਂ | ਸਂ | – | – |
| ਗ | ਰ | ਬਵ | ਤੀ | ਕਾ | ऽ | ਨਾ | ਹੀ | ऽ | ਠਾ | ਉ | ਤੇਰੀ |
| ਨ | – | – | ਧ | – | – | ਪ | – | – | ਮ | – | – |
| ਗੁਰ | ਦ | ਨਿ | ਊ | ਪ | ਰਿ | ਲ | ਵੈ | ऽ | ਕਾ | ਉ | ऽ |

# ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

ਮਨਮੋਹਨ ਸਿੰਘ

| ਬਸੰਤ<br>ਬਾਣੀ ਰਵਿਦਾਸ ਜੀ ਕੀ | **Basant**<br>**Hymns of Reverend Ravidass** | ਬਸੰਤ<br>ਪੂਜਨੀਕ ਰਵਿਦਾਸ ਜੀ ਦੇ |
|---|---|---|
| ੧ੴ ਸਤਿਗੁਰ ਪ੍ਰਸਾਦਿ ॥ | There is but One God. By the True Guru's grace, He is obtained. | ਵਾਹਿਗੁਰੂ ਕੇਵਲ ਇਕ ਹੈ। ਸਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ। |
| ਤੁਝਹਿ ਸੁਝੰਤਾ ਕਛੂ ਨਾਹਿ ॥ | Thou knowest not any thing, O man. | ਤੂੰ ਕੁਝ ਭੀ ਨਹੀਂ ਜਾਣਦਾ, ਹੇ ਇਨਸਾਨ। |
| ਪਹਿਰਾਵਾ ਦੇਖੇ ਊਭਿ ਜਾਹਿ ॥ | Beholding thy dress thou pridest on Thyself. | ਆਪਣੀ ਪੁਸ਼ਾਕ ਨੂੰ ਵੇਖ, ਤੂ ਆਪਣੇ ਆਪ ਤੇ ਹੰਕਾਰ ਕਰਦਾ ਹੈਂ। |
| ਗਰਬਵਤੀ ਕਾ ਨਾਹੀ ਠਾਉ ॥ | The proud bride finds no place in her Lord's presence. | ਹੰਕਾਰੀ ਹੋਈ ਪਤਨੀ ਨੂੰ ਉਸ ਦੇ ਸੁਆਮੀ ਦੀ ਹਜ਼ੂਰੀ ਅੰਦਰ ਕੋਈ ਥਾਂ ਨਹੀਂ ਮਿਲਦੀ। |
| ਤੇਰੀ ਗਰਦਨਿ ਊਪਰਿ ਲਵੈ ਕਾਉ ॥੧॥ | Over thy neck caws the crow of death. | ਤੇਰੀ ਧੌਣ ਉਤੇ ਮੌਤ ਦਾ ਕਾਂ ਕੁਰਲਾਉਂਦੀ ਹੈ। |
| ਤੂ ਕਾਇ ਗਰਬਹਿ ਬਾਵਲੀ ॥ | Why takest thou pride, O demented bride? | ਤੂੰ ਕਿਉਂ ਹੰਕਾਰ ਕਰਦੀ ਹੈਂ, ਨੀ ਕਮਲੀਏ ਮਹੇਲੀਏ? |
| ਜੈਸੇ ਭਾਦਉ ਖੂੰਬ ਰਾਜੁ ਤੂ ਤਿਸ ਤੇ ਖਰੀ ਉਤਾਵਲੀ ॥੧॥ | Like the big mushroom of the month of Bhadon, thou art much more short-lived than even that. | ਭਾਦੋਂ ਦੇ ਮਹੀਨੇ ਦੀ ਵੱਡੀ ਖੁੰਬ ਦੀ ਮਾਨੰਦ, ਤੂੰ ਉਸ ਨਾਲੋਂ ਭੀ ਬਹੁਤ ਛੇਤੀ ਉਡ ਪੁਡ ਜਾਣ ਵਾਲੀ ਹੈਂ। |
| ਰਹਾਉ ॥ | Pause. | ਠਹਿਰਾਉ। |
| ਜੈਸੇ ਕੁਰੰਕ ਨਹੀ ਪਾਇਓ ਭੇਦੁ ॥ ਤਨਿ ਸੁਗੰਧ ਢੂਢੈ ਪ੍ਰਦੇਸੁ ॥ | As the deer knows not this secret, that the fragrance of musk is within his body, and he searches for it abroad, similarly the Lord is within the mortal. | ਜਿਸ ਤਰ੍ਹਾਂ ਹਰਣ ਇਸ ਭੇਤ ਨੂੰ ਨਹੀਂ ਜਾਣਦਾ, ਕਿ ਕਸਤੂਰੀ ਦੀ ਖੁਸ਼ਬੂ ਉਸ ਦੇ ਸਰੀਰ ਵਿਚ ਹੀ ਹੈ ਅਤੇ ਉਹ ਇਸ ਨੂੰ ਬਾਹਰਵਾਰ ਭਾਲਦਾ ਹੈ, ਏਸੇ ਤਰ੍ਹਾਂ ਹੀ ਪ੍ਰਭੂ ਪ੍ਰਾਣੀ ਦੇ ਅੰਦਰ ਹੀ ਹੈ। |
| ਅਪਤਨ ਕਾ ਜੋ ਕਰੇ ਬੀਚਾਰੁ ॥ ਤਿਸੁ ਨਹੀ ਜਮ ਕੰਕਰੁ ਕਰੇ ਖੁਆਰ ॥੨॥ | Whosoever understands his body; him the death's courier humiliates not. | ਜੋ ਕੋਈ ਆਪਣੀ ਦੇਹਿ ਨੂੰ ਸਮਝਦਾ ਹੈ, ਉਸ ਨੂੰ ਮੌਤ ਦਾ ਦੂਤ ਖੱਜਲ ਖੁਆਰ ਨਹੀਂ ਕਰਦਾ। |
| ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ ॥ ਠਾਕੁਰੁ ਲੇਖਾ ਮਗਨਹਾਰੁ ॥ | Man prides on his sons and wife, but it is from him that the Lord shall take an account. | ਬੰਦਾ ਆਪਣੇ ਲੜਕਿਆਂ ਅਤੇ ਪਤਨੀ ਦਾ ਹੰਕਾਰ ਕਰਦਾ ਹੈ, ਪ੍ਰੰਤੂ ਪ੍ਰਭੂ ਉਸ ਪਾਸੋਂ ਹੀ ਹਿਸਾਬ ਕਿਤਾਬ ਲਵੇਗਾ। |
| ਫੇੜੇ ਕਾ ਦੁਖੁ ਸਹੈ ਜੀਉ ॥ | Man suffers pain for the wrought deeds. | ਬੰਦਾ ਕੀਤੇ ਹੋਏ ਕਰਮਾਂ ਦੇ ਬਦਲੇ ਤਕਲੀਫ ਉਠਾਉਂਦਾ ਹੈ। |
| ਪਾਛੇ ਕਿਸਹਿ ਪੁਕਾਰਹਿ ਪੀਉ ਪੀਉ ॥੩॥ | Whom shalt thou, O man, after wards address as 'O dear one, | ਮਗਰੋਂ ਤੂੰ, ਹੇ ਬੰਦੇ! ਕਿਸ ਨੂੰ ਕਹੇਂਗਾ "ਹੇ ਪ੍ਰੀਤਮ ਪ੍ਰਭੂ! ਪ੍ਰੀਤਮ ਪ੍ਰਭੂ, ਤੂੰ ਮੇਰੀ ਰੱਖਿਆ |

| | | |
|---|---|---|
| | O dear one, save me Thou?' | ਕਰ?" |
| ਸਾਧੂ ਕੀ ਜਉ ਲੇਹਿ ਓਟ॥ ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ॥ | If thou seekest the rufuge of the saint, then thy sins, even though millions upon millions shall all be erased. | ਜੇਕਰ ਤੂੰ ਸੰਤ ਦੀ ਪਨਾਹ ਲੈ ਲਵੇਂ ਤਾਂ, ਤੇਰੇ ਕ੍ਰੋੜਾਂ ਉਤੇ ਕ੍ਰੋੜਾਂ ਕਸਮਲ ਸਮੂਹ ਹੀ ਮਿਟ ਜਾਣਗੇ। |
| ਕਹਿ ਰਵਿਦਾਸ ਜੁੋ ਜਪੈ ਨਾਮੁ॥ ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ॥੪॥੧॥ | Says Ravdass, he who utters the Lord's Name; he has no concern with caste, birth and existences. | ਰਵਿਦਾਸ ਜੀ ਆਖਦੇ ਹਨ, ਜੋ ਕੋਈ ਪ੍ਰਭੂ ਦੇ ਨਾਮ ਦਾ ਉਚਾਰਨ ਕਰਦਾ ਹੈ, ਉਸ ਦਾ ਜਾਤੀ, ਪੈਦਾਇਸ਼ ਅਤੇ ਜੂਨੀਆਂ ਨਾਲ ਕੋਈ ਵਾਸਤਾ ਨਹੀਂ। |